ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥

# ਸਿਖ ਜਾਂ ਸਾਕਤ?

**ਸਿੰਘੋ, ਆਪੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਿਖ ਧਰਮ ਦੇ ਪਵਿਤ੍ਰ ਸੱਚ ਸਿਧਾਂਤ ਥੰਮ ਦਾ, ਸਿਖ ਕਿਰਦਾਰ ਦਾ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਕੀਤਾ ਹੋਣਾਂ ਤੇ ਆਪੇ ਉਸੇ ਸ਼ਬਦ ਗੁਰੂ ਨੂੰ ਗੁਰਗੱਦੀ ਦਿਵਸ ਮਨਾਉਣੇ, ਪਰ ਕਿਸੇ ਇਕ ਦਾ ਵੀ ਇਸ ਚਾਲੂ ਬਪਰਨ ਰੀਤ ਦੇ ਖਿਲਾਫ ਨਾ ਨਿਤਰ ਸਕਣਾਂ, ਕੀ ਜਰਮਨੀ ਦੇ ਸਿਖਾਂ ਲਈ ਮਾਣ ਵਾਲੀ ਗੱਲ ਜਾਂ ਕੁਝ ਹੋਰ?**

ਮਈ 2008 ਦੇ ਅੰਤਲੇ ਦਿਨ ਸਨ। mediapunjab.com ਤੇ ਔਨ ਲਾਈਨ ਇਕ ਲਿਖਤ, ਇਕ ਐਲਾਨਨਾਮਾ, ਜਿਸ ਦਾ ਸਰਲੇਖ: '**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ**
**ਗੁਰੂ ਆਸਰੇ ਇਕ ਆਸ ਉਮੀਦ ਅਤੇ ਗੁਰਸਿਖ ਖਾਲਸਾ ਪੰਥ ਦੀ ਜ਼ਿਮੇਵਾਰੀ**', ਹੈ, ਜਿਸ ਵਿਚ ਬੁਤ ਪੂਜਾ, ਮੂਰਤੀ ਵਾਰੇ ਹੋਰ ਧਰਮ ਗ੍ਰੰਥਾਂ ਅਤੇ ਗੁਰਬਾਣੀ ਫੁਰਮਾਨ, ਸਿਖ ਦੀ ਪ੍ਰੀਭਾਸ਼ਾ ਵਾਰੇ ਵਿਵਾਦ ਸ਼ੁਰੂ ਹੋਣ ਤੋਂ ਪਹਿਲੇ ਹੀ ਅੱਜ ਗੁਰਬਾਣੀ ਅਨੁਸਾਰ ਸਿਖ ਦੀ ਪ੍ਰਭਿਾਸ਼ਾ ਸਿਖ ਦਾ ਉਭਾਰ, ਕਾਦਰ ਦਾ ਆਪਣੀ ਕੁਦਰਤ ਵਿਚ ਕਿਸ ਕਦਰ ਵੱਸਿਆ ਹੋਣਾਂ, ਕਿਸ ਕਦਰ ਇਸ ਦਾ ਸੱਭ ਤੇ ਆਪਣੀ ਕੁਦਰਤ ਦੁਆਰਾ ਹੁਕਮ ਵਰਤ ਰਿਹਾ ਹੋਣਾਂ ਆਦਿ ਗੁਰਮਤਿ ਵਿਸ਼ਿਆਂ ਤੇ ਗੁਰਬਾਣੀ ਫੈਸਲੇ ਗੁਰੂ ਆਸਰੇ ਦਰਜ ਹੋਣ ਤੋਂ ਇਲਾਵਾ ਪੰਥ ਲਈ ਗੁਰੂ ਬਖਸ਼ਿਸ਼ ਇਕ ਖੁਸ਼ਖਬਰੀ ਐਲਾਨਨਾਮਾਂ ਸਾਂਝਾ ਹੈ ਅਤੇ ਇਸ ਨੂੰ ਸਾਕਾਰ ਕਰ ਸਕਣ ਲਈ ਪੰਥ ਦੀਆਂ ਜ਼ਿਮੇਵਾਰੀਆਂ ਅਤੇ ਇਨਾਂ ਨੂੰ ਸੰਭਾਲਣ ਲਈ ਬੇਨਤੀ ਵੀ ਅੰਕਤ ਹੈ, ਅਜੇ ਮੁਕੰਮਲ ਹੋਇਆ ਹੀ ਸੀ ਕਿ ਗੁਰੂ ਘਰ ਫਰੰਕਫ਼ਰਟ ਵਿਚ ਠਹਿਰੇ ਇਕ ਰਾਗੀ ਜਥੇ ਦੇ ਸਿੰਘਾਂ ਦੇ ਦਰਸ਼ਨ ਕਰਨ ਦਾ ਸਬੱਬ ਬਣਦਾ ਹੈ। ਦਾਸ ਪੌੜੀਆਂ ਚੜ੍ਹਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਅੰਦਰ ਦਾਖਲ ਹੁੰਦਾ ਹੈ। ਆਪਣੇ ਉਤਮ ਪਿਆਰੇ ਸ਼ਬਦ ਗੁਰੂ ਅੱਗੇ ਸਿਰ ਨਿਵਾਂਦਾ ਹੈ, ਤੋੜ ਨਿਭਾਈ ਲਈ ਆਸਰੇ ਦੀ ਅਰਦਾਸ ਕਰਦਾ ਹਾਂ। ਕੁਝ ਦੇਰ ਗੁਰੂ ਹਜ਼ੂਰ ਹਾਜਰੀ ਭਰਦਾ ਹੈ ਅਤੇ ਰਾਗੀ ਜਥੇ ਦੇ ਵੀਰਾਂ ਦੇ ਇਕ ਵੱਖਰੇ ਰਹਾਇਸ਼ ਕਮਰੇ ਵਿਚ ਦਰਸ਼ਨ ਕਰਨ ਚਲਾ ਜਾਂਦਾ ਹਾਂ। ਇਨਾਂ ਗੁਰੂ ਪਿਆਰੇ ਰਾਗੀ ਜਥੇ ਦੇ ਸਿੰਘਾਂ ਨਾਲ ਵਿਚਾਰ ਸਾਂਝੇ ਹੁੰਦੇ ਨੇ। ਇਕ ਵਾਰ ਇਸ ਜਥੇ ਦੇ ਮੁਖੀ ਵੀਰ ਕਹਿੰਦੇ ਹਨ ਕਿ ਭਾਈ ਸਾਹਿਬ ਸਿੰਘ ਜੀ (ਟੀਕਾਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਲੋਂ ਸੰਗਤਾਂ ਨਾਲ ਮਿਲਕੇ, ਬਿਪਰਨ ਵੱਲੋਂ ਆਪਣੇ ਹੱਥੀ ਤਿਆਰ ਨਿਕਲੀ ਠਾਕਰਾਂ ਦੇ ਬੁੱਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਚੋਂ ਅਤੇ ਹੋਰ ਗੁਰੂ ਘਰਾਂ ਦੀਆਂ ਹੱਦਾਂ ਚੋਂ ਕੱਢਣ ਲਈ ਬੜੀ ਜੱਦੋਜਹਿਦ ਕਰਨੀ ਪਈ ਸੀ। ਹੋਰ ਵੀ ਵਿਚਾਰ ਸਾਂਝੇ ਹੁੰਦੇ ਨੇ। ਇਨਾਂ ਗੁਰਸਿਖਾਂ ਵਲੋਂ ਦਾਸ ਨੂੰ ਪ੍ਰੋਫੈਸਰ ਸਾਹਿਬ ਸਿੰਘ ਜੀ ਦੀ ਲਿਖਤ ਪੁਸਤਕ ਜੀਵਨ -ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਉਸ ਵਕਤ ਤੱਕ ਪੜ੍ਹੀ ਨਹੀਂ ਸੀ, ਦਿੰਦੇ ਹਨ। ਦਾਸ ਇਨਾਂ ਵੀਰਾਂ ਨੂੰ ਉਪਰ ਜਿਕਰ ਲਿਖਤ ਦੀ ਕਾਪੀ ਦੇਂਦਾ ਹੈ ਤੇ ਅੰਤ ਉਨਾਂ ਨਾਲ ਫਤਹਿ ਸਾਂਝੀ ਕਰਕੇ ਵਾਪਿਸ ਆ ਜਾਂਦਾ ਹੈ।

ਪਰ ਮਨ ਅਸ਼ਾਂਤ ਹੈ। ਅੱਖਾਂ ਨੇ ਜੋ ਕੁਝ ਵੇਖਿਆ, ਉਹ ਮਨ, ਆਤਮਾਂ, ਜਮੀਰ ਨੇ ਸ਼ਬਦ ਗੁਰੂ ਦੇ ਸੱਚ ਦਾ, ਸਿਖ ਧਰਮ, ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦਾ ਅਤੇ ਆਪਣੇ ਸ਼ਹੀਦਾਂ ਦਾ ਘੋਰ ਅਪਮਾਨ ਹੀ ਸਵਿਕਾਰ ਕੀਤਾ। ਜੋ ਕੀਤੀ ਹੋਈ ਕਾਰ ਦਾਸ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਖ ਧਰਮ, ਪੰਥ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਜਾਪੀ, ਨੂੰ ਇਕ ਸਿਖ ਭਾਈ ਨਾਲ ਸਾਂਝਾ ਕਰਦਾ ਹਾਂ। ਉਹ ਵੀ ਇਸ ਨੂੰ ਸਾਡੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦਾ ਘੋਰ ਅਪਮਾਨ ਹੀ ਸਵਿਕਾਰਦਾ ਹੈ। ਉਹ ਇਸ ਜਗਾ ਠਹਿਰੇ ਰਾਗੀ ਸਿਘਾਂ ਨਾਲ, ਜਿਨਾਂ ਦੇ ਦਰਸ਼ਣ ਕਰਕੇ ਆਇਆ ਸਾਂ, ਨਾਲ ਇਸ ਵਾਰੇ ਵਿਚਾਰ ਕਰਦਾ ਹੈ। ਉਹ ਪ੍ਰਬੰਧਕ ਕਮੇਟੀ ਨਾਲ ਵਿਚਾਰ ਕਰਕੇ, ਗੁਰਮਤਿ ਦੇ ਉਲਟ ਇਸ ਮਨਮਤ ਕਾਰ ਨੂੰ ਬੰਦ ਕਰਨ ਦੀ ਬੇਨਤੀ ਕਰਨਗੇ, ਸਾਨੂੰ ਤਸੱਲੀ ਦੇ ਦੇਂਦੇ ਨੇ। ਮਗਰੋਂ ਪਤਾ ਲੱਗਦਾ ਹੈ ਕਿ ਉਹ ਕਿਸੇ ਸਾਬਕਾ ਪ੍ਰਬੰਧਕ ਕਮੇਟੀ ਮੈਂਬਰ ਜਾਂ ਮੁਖੀ ਨਾਲ ਹੀ ਇਸ ਗੁਰਮਤਿ ਦੇ ਉਲਟ ਹੋ ਰਹੀ ਮਨਮਤ ਕਾਰ ਵਾਰੇ ਵਿਚਾਰ ਕਰ ਸਕੇ ਸਨ।

ਜਿਸ ਸਿਖ ਵੀਰ ਨਾਲ ਗੁਰੂ ਹੁਕਮਾਂ ਦੇ ਉਲਟ ਵੇਖਿਆ ਸਾਂਝਾ ਹੋਇਆ ਸੀ, ਉਹ ਵੀਰ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ ਦੀ ਪ੍ਰਬੰਧਕ ਕਮੇਟੀ ਦੇ ਜੂਨ 2008 ਤੋਂ ਮੈਂਬਰ ਜਾਂ ਨਾ ਮੈਂਬਰ, ਇਕ ਹੋਰ ਵੱਡੇ ਨਾਮ ਨਿਹੰਗ, ਅਖੰਡ ਕੀਰਤਨੀ ਵੀਰ ਨਾਲ ਵਿਚਾਰ ਕਰਦਾ ਹੈ ਤਾਂ ਉਹ ਕਹਿੰਦਾ ਹੈ ਕਿ ਇਹ ਉਸ ਨੂੰ ਵੀ ਗੁਰਮਤਿ ਦੇ ਉਲਟ ਲੱਗਾ ਹੈ। ਪਹਿਲਾਂ ਉਸ ਦਾ ਵਿਚਾਰ ਸੀ ਕਿ ਜੋ ਇਨਾਂ ਕੀਤਾ ਹੋਇਆ ਹੈ ਉਸ ਨਾਲ ਆਪਣੇ ਵਲੋਂ ਵੀ ਕਰ ਦੇਵੇ। ਭਾਵ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਜਿਥੇ ਇਨਾਂ ਵਲੋਂ ਤਸਵੀਰਾਂ ਲਾਈਆਂ ਉਨਾਂ ਨਾਲ ਆਪਣੇ ਵਲੋਂ ਵੀ ਮਨਭਾਈਆਂ ਤਸਵੀਰਾਂ ਲਾ ਦਿੱਤੀਆਂ ਜਾਣ। ਪਰ ਉਹ ਇਹ ਖਿਆਲ ਤਿਆਗ ਦਿੰਦਾ ਹੈ। ਇਸ ਭਾਈ ਦਾ ਨਾਮ ਨਵੀਆਂ ਬਣਦੀਆਂ ਟੁਟਦੀਆਂ ਕਮੇਟੀਆਂ ਵਿਚ ਵੀ ਬੋਲਦਾ ਮਿਲਦਾ ਹੈ।

ਇਨਾਂ ਦਿਨਾਂ ਵਿਚ ਦਾਸ ਨੂੰ ਆਪਣੇ ਡਾਕ ਬਕਸੇ ਵਿਚੋਂ ਇਕ ਚਿੱਟ ਮਿਲਦੀ ਹੈ। ਇਸ ਉਤੇ ਦੋ ਹੈਂਡੀ ਨੰਬਰ ਲਿਖੇ ਹੋਏ ਹਨ ਅਤੇ ਫੋਨ ਕਰਨ ਦੀ ਜਰਮਨ ਭਾਸ਼ਾ ਵਿਚ ਬੀਨਤੀ ਕੀਤੀ ਹੋਈ ਹੈ (Bitte rufen sie mich an)। ਦਾਸ ਇਕ ਨੰਬਰ ਤੇ ਫੋਨ ਕਰਦਾ ਹੈ। ਦੂਜੇ ਪਾਸੇ ਬੋਲਣ ਵਾਲਾ ਹਰਮੀਤ ਸਿੰਘ ਭਕਨਾਂ ਹੁੰਦਾ ਹੈ। ਕਹਿੰਦਾ ਹੈ ਭਾਈ ਸਾਹਿਬ ਜੀ ਤੁਸੀਂ ਘਰ ਬਹਿ ਗਏ ਜਾਪਦੇ ਹੋ। ਅਸੀਂ ਕਿਸੇ ਕਾਰਣ ਘਰ ਬਹਿ ਜਾਣ ਵਾਲੇ ਵੀਰਾਂ ਨੂੰ ਪੰਥ ਦੀ ਮੁੜ ਸੇਵਾ ਲਈ ਖੜੇ ਕਰਨਾਂ ਚਾਹੁੰਦੇ ਹਾਂ। ਦਾਸ ਨੂੰ ਟਾਇਮ ਦਿਉ। ਬੈਠਕੇ ਕੁਝ ਪੰਥਕ ਵਿਚਾਰਾਂ ਕਰਨੀਆਂ ਨੇ। ਦਾਸ ਉਸ ਨੂੰ ਦੱਸਦਾ ਹੈ ਕਿ ਵੀਰ ਗੁਰੂ ਨੇ ਇਸ ਪ੍ਰਾਣੀ ਨੂੰ ਘਰ ਵਿਹਲੇ ਨਹੀਂ ਬੈਠਾਇਆ ਹੋਇਆ। ਜੋ ਕਾਰਜ ਸਾਡੇ ਗੁਰੂ, ਸਾਡੇ ਅਕਾਲ ਪੁਰਖ ਅਸਾਂ ਜਿਮੇਂ ਕੀਤਾ ਹੈ, ਅਸਾਂ ਅਡੋਲ, ਜਿਥੇ ਤੱਕ ਗੁਰੂ ਭਾਵੇ, ਨਿਭਾਅ ਕੇ ਹੀ ਜਾਣਾਂ ਹੈ।

ਇਸ ਦੇ ਹੁਣ ਤੱਕ ਸੁਣੇ ਤੇ ਸਾਹਮਣੇ ਆਏ ਸੱਭ ਮਾੜੇ ਨੂੰ ਵਿਸਾਰਕੇ ਤਿੰਨ ਕੁ ਹਫਤੇ ਮਗਰੋਂ ਮਿਲਣ ਦਾ ਵਕਤ, ਦਾਸ ਇਸ ਨਾਲ ਸਾਂਝਾ ਕਰਦਾ ਹੈ ਤੇ ਇਹ ਦਾਸ ਦੇ ਘਰ ਆਉਂਦਾ ਹੈ। ਚਾਹ ਪਾਣੀ ਪੀਤਾ ਜਾਂਦਾ ਹੈ। ਵਿਚਾਰਾਂ ਹੁੰਦੀਆਂ ਨੇ। ਇਕ ਸਟੇਜ ਤੇ ਆਕੇ ਇਹ ਆਪਣੇ ਮਿਲਣ ਦਾ ਮਨੋਰਥ ਕਹਿ ਹੀ ਦੇਂਦਾ ਹੈ ਕਿ ਭਾਈ ਸਾਹਿਬ 15 ਅਗਸਤ ਦਾ ਮੁਜਾਹਰਾ ਸਭ ਜਥੇਬੰਦੀਆਂ ਵੱਲੋਂ ਇਕੱਠੇ ਹੋਕੇ ਕੀਤਾ ਜਾ ਰਿਹਾ ਹੈ। ਤੁਸੀਂ ਇਸ ਵਿਚ ਸ਼ਾਮਿਲ ਹੋਵੋ। ਉਹ ਇਸ ਦਿਨ ਦਾਸ ਨੂੰ ਆਪ ਆਕੇ ਘਰੋਂ ਲੈ ਜਾਣ ਵਾਰੇ ਵੀ ਆਖਦਾ ਹੈ। ਦਾਸ ਦਾ ਜਬਾਬ ਸੀ ਕਿ ਜੂਨ ਚੌਰਾਸੀ ਨੂੰ, ਬਿਪਰਨ ਦਿੱਲੀ ਤਖਤ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਬੋਲੇ ਫੌਜੀ ਧਾਵੇ ਸਮੇਂ, ਜਾਬਰਾਂ ਨਾਲ ਲੋਹਾਂ ਖੜਕਾਉਂਦਿਆਂ ਬੇਮਿਸਾਲ ਬਹਾਦਰੀ ਨਾਲ ਸ਼ਹੀਦੀਆਂ ਦੇ ਗਏ ਸੂਰੇ ਸਿੰਘ, ਸਿੰਘਣੀਆਂ, ਬਜੁਰਗ ਬੱਚੇ ਬੱਚੀਆਂ ਆਪਣੀਆਂ ਸ਼ਹਦੀਆਂ ਨਾਲ ਗੁਰਸਿਖ ਖਾਲਸੇ ਦੇ ਆਜਾਦ ਦੇਸ਼ ਖਾਲਿਸਤਾਨ ਦਾ ਨੀਹ ਪੱਥਰ ਧਰਕੇ, ਇਸ ਦੀ ਉਸਾਰੀ ਦਾ ਕਾਰਜ ਆਪਣੇ ਗੁਰਸਿਖ ਭਾਈਆਂ ਜਿਮੇਂ ਕਰ ਗਇਓ ਨੇ। ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਫੁਰਮਾਨ, ਸਿਖਾਂ ਦੇ ਦੇਸ਼ ਦੀ ਅਜਾਦੀ ਹੀ ਅਡੋਲ ਮੰਗ ਰੱਖਕੇ ਚੱਲਣ ਵਾਲਿਆਂ ਨਾਲ ਹੀ ਇਸ ਪ੍ਰਾਣੀ ਨੇ ਖੜ੍ਹ ਸਕਣਾਂ ਹੈ। ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਫੁਰਮਾਨ ਵਿਸਾਰਕੇ, ਬਿਪਰਨ ਤਖਤ ਦੀ ਗੁਲਾਮੀ ਨੂੰ ਸਵੀਕਾਰ ਕਰਕੇ, ਹੋਰ ਨਿਕੀਆਂ ਨਿਕੀਆਂ ਮੰਗਾਂ ਤੇ ਉਤਰ ਆ ਜਾਣੇ ਵਾਲੇ ਸਿਖ ਸਰੂਪ ਵਿਚ ਕਿਸੇ ਗੁਲਾਮ ਨਾਲ ਨਹੀਂ ਖੜ੍ਹਿਆ ਜਾ ਸਕਦਾ। ਦਾਸ ਭਕਨੇ ਨੂੰ ਇਹ ਜਾਣਕਾਰੀ ਵੀ ਦਿੰਦਾ ਹੈ ਕਿ ਬਿਪਰਨ ਤਖਤ ਦੀ ਅਦਾਲਤ ਵਲੋਂ ਸਿੰਘਾਂ ਨੂੰ ਜਦੋਂ ਬਿਅੰਤੇ ਕਾਂਡ ਨਾਲ ਸਬੰਧਤ ਐਲਾਨਕੇ ਮੌਤ ਦੀ ਸਜਾ ਸੁਣਾਈ ਗਈ ਸੀ ਅਤੇ ਇਸ ਖਿਲਾਫ ਰੋਹ ਦੇ ਵਿਖਾਵੇ ਲਈ ਫਰੰਕਫਰਟ ਅੰਬੈਸੀ ਅੱਗੇ ਮੁਜਾਹਰ, ਕੀਤਾ ਗਿਆ ਸੀ, ਜਿਸ ਵਿਚ ਦਾਸ ਵੀ ਸ਼ਾਮਲ ਸੀ, ਉਥੇ ਇਹ ਮੁਜਾਹਰਾ ਲਾਮਬੰਦ ਕਰਨ ਵਾਲੇ ਰੇਡੀਓ ਨੂੰ ਇੰਟਰਵਿਊਆਂ ਵਿਚ ਸਿਖਾਂ ਦੀ ਮੰਗ, ਭਾਰਤੀ ਸਰਕਾਰ ਸ੍ਰੀ ਹਰਿਮੰਦਰ ਸਾਹਿਬ ਤੇ ਥਾਵੇ ਦੀ ਮੁਆਫੀ ਮੰਗੇ, ਸੁਣਾ ਰਹੇ ਸਨ। ਇਸ ਲਈ ਹੋਰ ਮਜਾਹਰਿਆਂ ਵਿਚ ਸ਼ਾਮਲ ਹੋਣਾਂ ਤਿਆਗ ਦਿੱਤਾ ਹੈ ਅਤੇ 15 ਅਗਸਤ 2004 ਦੇ ਮੁਜਾਹਰੇ ਤੇ ਵੰਡੇ ਪੇਪਰ ਵਿਚ ਦਰਜ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਗੁਰੂ ਆਸਰੇ ਯਤਨਾਂ ਨੂੰ ਸ਼ੁਰੂ ਕਰ ਦਿੱਤਾ ਹੈ।

ਭਕਨਾਂ ਦਾਸ ਨੂੰ ਕਿਸੇ ਤਿਉਹਾਰ ਤੇ ਆਪਣੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਗੁਆਂਢੀ ਦੇਸ਼ ਜਾਣ ਲਈ ਵੀ ਕਹਿੰਦਾ ਹੈ। ਦਾਸ ਦਾ ਜਬਾਬ ਸੀ ਕਿ ਦੋ ਅਪਰੇਸ਼ਨ ਹੋਣ ਮਗਰੋਂ ਦਾਸ ਨੌਕਰੀ ਤੋਂ ਵਾਂਝਾ ਉਪਾਹਜ ਹੈ। ਜੋ ਕੋਈ ਸਰਕਾਰੀ ਅਰਥਕ ਮੱਦਦ ਨਹੀਂ ਲੈਂਦਾ। ਜਿਸ ਦੀ ਸਾਰੀ ਪਰਵਰਿਸ਼ ਉਸ ਦੇ ਜੀਵਨ ਸਾਥੀ ਪਤਨੀ ਦੀ ਦਸਾਂ ਨੋਹਾਂ ਦੀ ਕਮਾਈ ਨਾਲ ਹੀ ਹੋ ਰਹੀ ਹੈ। ਇਸ ਵਿਚੋਂ ਜਰੂਰੀ ਲੋੜਂਦਾ ਹੀ ਲਿਆ ਜਾ ਸਕਦਾ ਹੈ। ਦਾਸ ਕੋਲ ਫਰੰਕਫਰਟ ਤੱਕ ਦਾ ਕਰਾਇਆ ਵੀ ਆਪਣਾਂ ਨਹੀਂ ਹੈ। ਨਾਲੇ ਗੁਰੂ ਨੇ ਜਿਸ ਕਾਰਜ ਵਿਚ ਲਾਇਆ ਹੋਇਆ ਹੈ ਉਸ ਦੀ ਪੂਰਤੀ ਦਾ ਉਦਮ ਹੀ ਇਸ ਪ੍ਰਾਣੀ ਲਈ ਗੁਰੂ ਅਸਥਾਨਾਂ ਦੇ ਦਰਸ਼ਨ ਕਰਨੇ ਹਨ। ਹਾਂ ਜਿੰਮੇ ਕਾਰਜਾਂ ਦੀ ਪੂਰਤੀ ਉਪਰੰਤ, ਜੇ ਅਰਥਕ ਸੁਰੱਗੀ ਹੈ ਤਾਂ ਹੀ ਗੁਰੂ ਇਤਿਹਾਸਕ ਗੁਰਧਾਮਾਂ ਦੇ ਦਰਸ਼ਨਾਂ ਲਈ ਤੁਰ ਪੈਣ ਦੀ ਸੋਚ ਉਤਪਤ ਹੋ ਸਕਦੀ ਹੈ।

ਦਾਸ ਇਸ ਭਾਈ ਨੂੰ ਜਾਣ ਤੋਂ ਪਹਿਲੇ ਪੁੱਛਦਾ ਹੈ ਕਿ ਕੀ ਉਹ ਗੁਰੂ ਘਰ ਫਰੇਂਕਰਫਟ ਵੀ ਜਾਇਆ ਕਰਦਾ ਹੈ ? ਹਾਂ ਦਾ ਜਬਾਬ ਮਿਲਦੇ ਫਿਰ ਪੁੱਛਦਾ ਹਾਂ ਕਿ ਉਥੇ ਗੁਰਮਤਿ ਅਸੂਲਾਂ ਦੇ ਉਲਟ ਕਾਰ ਦੁਆਰਾ, ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦਾ ਘੋਰ ਅਪਮਾਨ ਹੋਇਆ ਵੀ ਉਸ ਨੂੰ ਕੀ ਕਦੇ ਨਜ਼ਰ ਆਇਆ ਹੈ ? ਪੁੱਛਣ ਤੇ ਨਕਸ਼ਾ ਹਰਫਾਂ ਵਿਚ ਕਰਦਾ ਹਾਂ। ਕਹਿੰਦਾ ਹੈ ਹਾਂ ਜੀ ਹੈ ਇਹ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਤੇ ਸ਼ਹੀਦਾਂ ਦਾ ਕੀਤਾ ਹੋਇਆ ਘੋਰ ਅਪਮਾਨ। ਦਾਸ ਇਸ ਨੂੰ ਜਾਣ ਲੱਗੇ ਤਾਗੀਦ ਕਰਦਾ ਹੈ ਕਿ ਉਹ ਫਰੇਂਕਫਰਟ ਗੁਰੂਘਰ ਕਮੇਟੀ ਦੇ ਜ਼ਿਮੇਵਾਰ ਵੀਰਾਂ ਨੂੰ ਉਨਾਂ ਦੀ ਗਲਤੀ ਦਾ ਅਹਿਸਾਨ ਕਰਵਾਕੇ, ਜਾਣੇ ਅਣਜਾਣੇ ਉਨਾਂ ਵਲੋਂ ਆਪਣੇ, ਸਾਡੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦੇ ਕੀਤੇ ਜਾ ਰਿਹੇ ਘੋਰ ਅਪਮਾਨ ਨੂੰ ਬੰਦ ਕਰਵਾਏ। ਦਾਸ ਇਸ ਨੂੰ ਜਾਣ ਲੱਗਿਆਂ ਕੀਤੇ ਵਾਇਦੇ ਮੁਤਾਬਕ, ਸਬੂਤ ਵਜੋਂ ਕਿ ਦਾਸ ਘਰ ਨਹੀਂ ਬੈਠ ਗਿਆ, ਆਪਣੀਆਂ ਛਪੀਆਂ, ਅਣਛਪੀਆਂ ਲਿਖਤਾਂ ਦੀ ਕਾਪੀ, ਜਿਸ ਦੇ ਅੰਤ ਤੇ '**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ**' ਲਿਖਤ ਲੱਗੀ ਹੁੰਦੀ ਹੈ, ਕੀਮਤ ਦੇਣ ਦੀ ਪੇਸ਼ਕਸ਼ ਬਿਨਾਂ ਸਵਿਕਾਰ ਕੀਤਿਆਂ, ਦੇ ਦੇਂਦਾ ਹਾਂ।

ਇਸ ਦਿਨ ਤੋਂ ਕੁਝ ਦਿਨ ਮਗਰੋਂ ਇਸੇ ਭਕਨੇ ਦਾ ਫੋਨ ਆਉਂਦਾ ਹੈ ਕਿ mediapunjab.com ਤੇ ਮੁਜਾਹਰੇ ਦੇ ਇਸ਼ਤਹਾਰ ਵਿਚ ਸਿਖਾਂ ਦੀ ਆਜਾਦੀ ਦੀ ਗੱਲ ਕੀਤੀ ਹੋਈ ਹੈ। ਦਾਸ ਉਸ ਇਸ਼ਤਿਹਾਰ ਨੂੰ ਪੜ੍ਹਦਾ ਹੈ। ਜੂਨ ਚੌਰਾਸੀ ਦੇ ਧਾਵੇ ਨੂੰ, ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਬੁਨਿਆਦ ਅਤੇ ਇਸ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਲਈ ਜੂਨ ਚੌਰਾਸੀ ਤੋਂ ਸ਼ੁਰੂ ਸੰਗ੍ਰਾਮ ਦੇ ਸੂਰੇ ਸ਼ਹੀਦਾਂ ਨੂੰ ਇਸ਼ਤਿਹਾਰ ਵਿਚ ਵਿਸਾਰਕੇ, ਆਜਾਦੀ ਦੀ ਗੱਲ ਕਰਨੀ, ਅਧੂਰੀ ਅਤੇ ਸ਼ਹੀਦਾਂ ਨਾਲ ਅਨਿਆ, ਭਕਨੇ ਨਾਲ ਸਾਂਝਾ ਕਰਦੇ, ਮੁਜਾਹਰੇ ਵਿਚ ਨਾ ਪਹੁੰਚ ਸਕਣਾਂ, ਦੱਸ ਦੇਂਦਾ ਹਾਂ।

ਇਹ ਮੁਜਾਹਰਾ ਹੋ ਜਾਣ ਦੇ ਕੁਝ ਹੀ ਦਿਨ ਮਗਰੋਂ ਇਸ ਭਕਨੇ ਦਾ ਫੋਨ ਆਉਂਦਾ ਹੈ। ਫਕਸ ਨੰਬਰ ਲੈਕੇ ਕੁਝ ਜਰਮਨ ਭਾਸ਼ਾ ਵਿਚ ਸਫੇ ਭੇਜਣਾਂ ਚਾਹੁੰਦਾ ਹੈ ਤਾਂ ਕਿ ਦਾਸ ਉਸ ਨੂੰ ਪੜ੍ਹਕੇ ਉਨਾਂ ਦਾ ਸਾਰ ਪੰਜਾਬੀ ਵਿਚ ਦੱਸ ਸਕੇ। ਇਹ ਕੁਝ ਕਾਹਲੀ ਵਿਚ ਜਾਪਦਾ ਹੈ। ਪਰ ਦਾਸ ਜਲਦੀ ਵਿਚ ਪੁਛਦਾ ਹੈ ਕਿ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦੇ ਘੋਰ ਅਪਮਾਨ ਵਾਰੇ ਜ਼ਿਮੇਵਾਰ ਵੀਰਾਂ ਨਾਲ ਵਿਚਾਰ ਕਰਕੇ ਕਿਥੇ ਕੁ ਤੱਕ ਪਹੁੰਚਿਆ ਹੈ? ਹਾਂ ਜੀ ਹੋਇਆ ਹੈ, ਕਾਫੀ ਕੁਝ ਹੋਇਆ, ਇਸ ਵਾਰੇ ਮਗਰੋਂ। ਮੇਰੇ ਪੜ੍ਹ ਲੈਣ ਤੱਕ ਦੇ ਸਮੇਂ ਮਗਰੋਂ ਉਹ ਫੋਨ ਕਰੇਗਾ। ਕੁਝ ਦੇਰ ਮਗਰੋਂ ਦੋਬਾਰਾ ਫੋਨ ਆਉਂਦਾ ਹੈ। ਜੋ ਲਿਖਿਆ ਕਿ ਅਦਾਲਤ ਨੇ ਆਹ ਇਲਜਾਮ ਲਾਕੇ ਦੇਸ਼ ਨਿਕਾਲੇ ਤੱਕ ਦੀ ਸਜਾ ਦੱਸੀ ਹੈ, ਇਸ ਅੱਗੇ ਬਿਆਨ ਕਰ ਦਿੱਤਾ। ਕਹਿੰਦਾ ਹੈ ਕਿ ਤੁਸੀਂ ਇਸ ਚਿਠੀ ਦਾ ਮੇਰੇ ਲਈ ਜਬਾਬ ਲਿਖੋ। ਦਾਸ ਦਾ ਜਬਾਬ ਸੀ ਕਿ ਕੋਈ ਵਕੀਲ ਹੀ ਲਿਖ ਸਕਦਾ ਹੈ। ਮੱਦਦ ਕਰ ਸਕਣ ਤੋਂ ਅਸਮ੍ਰੱਥਾ ਪ੍ਰਗਟਾ ਦਿੱਤੀ ਗਈ। ਦਾਸ ਫਿਰ ਪਹਿਲਾ ਹੀ ਪੁੱਛਦਾ ਹੈ ਕਿ ਆਪਣੇ ਸ਼ਬਦ ਗੁਰੂ ਦੇ ਅਤੇ ਸ਼ਹੀਦਾਂ ਦੇ ਹੋ ਰਹੇ ਘੋਰ ਅਪਮਾਨ ਵਾਰੇ ਜ਼ਿਮੇਵਾਰਾਂ ਨਾਲ ਗੱਲਬਾਤ ਕਰ ਸਕਣ ਲਈ ਉਹ ਕਿਥੇ ਕੁ ਤੱਕ ਪਹੁੰਚਿਆ ਹੈ ਤਾਂ ਦਸਦਾ ਹੈ ਕਿ ਉਸ ਵਾਰੇ mediapunjab.com ਤੇ ਇਕ ਇਸ਼ਤਿਹਾਰ ਲੱਗਾ ਵੇਖੋ ਤੇ ਫੋਨ ਕੱਟ ਦੇਂਦਾ ਹੈ। ਦਾਸ ਇਸ ਵਾਰੇ ਲੱਗਾ ਇਸ਼ਿਤਿਹਾਰ ਪੜ੍ਹਦਾ ਹਾਂ। ਜਿਸਦਾ ਸਰਲੇਖ ਸੀ **'ਜਰਮਨ ਵਿਚ ਪੰਥਕ ਜਥੇਬੰਦੀਆਂ ਅਤੇ ਸਮੂਹ ਸਿਖ ਸੰਗਤ ਵੱਲੋਂ ਸਰਕਾਰੀ ਮੁਖਬਰ ਬੇਨਕਾਬ'**

ਇਸ ਇਸ਼ਤਿਹਾਰ ਤੋਂ ਪਤਾ ਲਗਦਾ ਹੈ ਕਿ 15 ਅਗਸਤ ਦੇ ਮੁਜਾਹਰੇ ਦੀ ਕੋਈ ਅਗਿਆਤ ਵਿਅਕਤੀ ਬੜੀ ਬਰੀਕੀ ਨਾਲ ਫਿਲਮ ਤਿਆਰ ਕਰ ਰਿਹਾ ਸੀ। ਪੁੱਛਣ ਤੇ ਪਤਾ ਲੱਗਾ ਕਿ ਇਹ ਵੀਡੀਓ ਤਿਆਰ ਕਰਨ ਦਾ ਕੰਮ ਉਸ ਨੂੰ ਕਿਸੇ ਨਿਰਮਲ ਸਿੰਘ (ਨਿਰਮਲ= ਪਵਿਤਰ, ਖਾਲਸ, ਪੂਰਣ) ਨਾਮ ਵਾਲੇ ਵਿਅਕਤੀ ਨੇ ਫੋਨ ਤੇ 300 ਏਰੋ ਦੇਣ ਬਦਲੇ ਦਿੱਤਾ ਹੋਇਆ ਹੈ। ਅੰਤ ਨਿਰਮਲ ਸਿੰਘ ਇਹ ਭਕਨਾਂ ਹੀ ਨਿੱਕਲਿਆ।

ਇਸ ਇਸ਼ਤਿਹਾਰ ਵਿਚੋਂ ਕੁਝ ਹੁਬਹੂ:

"ਆਖਿਰ ਸਮੂਹ ਸੰਗਤ ਦੀ ਹਾਜਰੀ ਵਿਚ ਭਕਨਾਂ ਮੰਨਿਆਂ ਕਿ ਉਹ ਕਿਸੇ ਸਰਕਾਰੀ ਏਜੰਸੀ ਦੇ ਕਹਿਣ ਤੇ ਇਹ ਫਿਲਮ ਬਣਵਾ ਰਿਹਾ ਸੀ।

ਹਰਮੀਤ ਸਿੰਘ ਭਕਨਾਂ ਨੂੰ ਸਿਖ ਸੰਘਰਸ਼ ਦੀ ਜਸੂਸੀ ਕਰਨ ਦਾ ਦੋਸ਼ੀ ਪਾਇਆ।

ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤ ਵਲੋ ਦੇਸ਼ਾਂ -ਵਿਦੇਸ਼ ਦੀਆਂ ਸਮੂਹ ਸਿਖ ਜਗਤ , ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ ਇਸ ਟਾਊਟ ਤੇ ਸਰਕਾਰੀ ਜਸੂਸ ਨੂੰ ਕਦੀ ਮੂੰਹ ਨਾ ਲਾਉਣ ਦੀ ਅਪੀਲ ਅਤੇ ਬੇਨਤੀ ਕੀਤੀ ਜਾਂਦੀ ਹੈ। "

ਥੱਲੇ ਸਮੂਹ ਪੰਥਕ ਜਥੇਬੰਦੀਆਂ ਜਰਮਨੀ ਅਤੇ ਪੰਜ ਜਥੇਬੰਦੀਆਂ ਦੇ ਨਾਮ ਹਨ।

ਇਸ ਸਭ ਨੂੰ ਪੜ੍ਹਕੇ ਮਨ ਬੜਾ ਦੁਖੀ ਹੁੰਦਾ ਹੈ ਕਿ ਤੂੰ ਸਿਖੀ ਸਰੂਪ ਵਿਚ ਟਾਊਟ ਤੇ ਸਰਕਾਰੀ ਜਸੂਸ ਨੂੰ, ਭੁਲੇਖੇ ਨਾਲ ਆਪਣੇ ਕੋਲ ਆਇਆ ਪੰਥ ਦਾ ਹਮਦਰਦਾ ਸਿਖ ਜਾਣ ਲਿਆ।

ਮਨ ਵਿਚ ਰੋਸ ਵੀ ਸੀ ਜੋ ਇਸ ਵੱਲੋਂ ਪਵਿਤ੍ਰ ਸਿਖ ਸਰੂਪ ਪਹਿਨ ਕੇ, ਕਿਰਦਾਰ ਗੁਰਸਿਖ ਦੇ ਉਲਟ ਨਿਭਾਇਆ ਹੈ ਅਤੇ ਸਾਡੇ ਵੱਲੋਂ ਸਿਖ ਸਰੂਪ ਵਿਚ ਹਰ ਨੂੰ ਗੁਰੂ ਦੇ ਪਿਆਰੇ ਹੀ ਵੇਖ ਲੈਣ ਦੇ ਵਿਸ਼ਵਾਸ ਨੂੰ ਵੱਡੀ ਠੇਸ ਪਹੁੰਚਾਈ ਹੈ। ਫੋਨ ਕਰਦਾ ਹਾਂ ਤੇ ਪੁਛਦਾ ਹਾਂ, ਉਏ ਇਹ ਕੀ ਕਾਰੇ ਕਰ ਰਿਹਾ ਹੈਂ? ਕਹਿੰਦਾ ਕਿ ਮੈਨੂੰ ਖਾਲਸਤਾਨ ਦੀ ਮੰਗ ਤੋਂ ਨਾ ਹਟਣ ਦੀ ਸਜਾ ਮਿਲੀ ਹੈ। ਜਦ ਕਿ ਇਹ ਹੀ ਸਖਸ਼ ਦਾਸ ਨੂੰ ਇਹ ਕਹਿਕੇ ਮੁਜਾਹਰੇ ਵਿਚ ਆਉਣ ਲਈ ਪ੍ਰੇਰ ਰਿਹਾ ਸੀ ਕਿ ਇਹ ਮੁਜਾਹਰਾ ਕਰ ਰਹੀਆਂ ਜਥੇਬੰਦੀਆਂ ਸੱਭੇ ਸਿਖਾਂ ਦੇ ਆਜਾਦ ਦੇਸ਼ ਦੀ ਮੰਗ ਤੇ ਹੀ ਖੜ੍ਹੀਆਂ ਹਨ। ਹੁਣ ਜਿਨਾਂ ਨੂੰ ਕੁਝ ਦਿਨ ਪਹਿਲੇ ਪੱਕੇ ਖਾਲਸਤਾਨੀ ਦੱਸ ਰਿਹਾ ਸੀ, ਉਨਾਂ ਨੂੰ ਹੁਣ ਨਾ ਖਾਲਿਸਤਾਨੀ ਅਤੇ ਉਸ ਨੂੰ ਖਾਲਿਸਤਾਨ ਦੀ ਮੰਗ ਤੋਂ ਨਾ ਹਟਣ ਕਰਕੇ ਸਜਾ ਦੇਣ ਵਾਲੇ ਦਸ ਰਿਹਾ ਹੈ। ਕਹਿੰਦਾ ਕਿ ਜੇ ਚਾਹੋ ਤਾਂ ਸਬੂਤ ਭੇਜ ਸਕਦਾ ਹਾਂ। ਦਾਸ ਦੇ ਇਸ ਨੂੰ ਇਹ ਬੋਲ ਸਨ ਕਿ ਮੈਨੂੰ ਤੇਰੇ ਕਿਸੇ ਸਬੂਤ ਦੀ ਜਰੂਰਤ ਨਹੀ ਹੈ। ਅੱਜ ਤੋਂ ਦਾਸ ਤੇਰੇ ਨਾਲ ਕਿਸੇ ਤਰਾਂ ਦਾ ਵੀ ਮਿਲਵਰਤਨ ਨਹੀਂ ਚਾਹੁੰਦਾ। ਤੂੰ ਆਪਣੇ ਘਰ, ਅਸੀਂ ਆਪਣੇ ਘਰ। ਆਖਰੀ ਫਤਹਿ ਬੁਲਾ ਦਿੱਤੀ ਜਾਂਦੀ ਹੈ।

ਜਿਸ ਸਿਖ ਭਾਈ ਨਾਲ ਫਰੰਕਫਰਟ ਗੁਰੂਘਰ ਗੁਰਮਤਿ ਉਲਟ ਵੇਖਿਆ ਸਾਂਝਾ ਹੋਇਆ ਸੀ ਉਸ ਨਾਲ ਸਬੰਧਤ ਬੱਬਰਾਂ ਦਾ ਇਕ ਸ਼ਹੀਦੀ ਸਮਾਗਮ ਫਰੰਕਫਰਟ ਗੁਰੂ ਘਰ ਹੋਣਾਂ, ਪਤਾ ਲੱਗਦਾ ਹੈ। ਦਾਸ ਦੇ ਇਸ ਸਿਖ ਭਾਈ ਨੂੰ ਬੋਲ ਸਨ ਕਿ ਗੁਰੂ ਨੂੰ ਅਤੇ ਪੰਥ ਦੇ ਸ਼ਹੀਦਾਂ ਨੂੰ ਇਸ ਗੁਰੂ ਘਰ ਕੋਈ ਸ਼ਹੀਦੀ ਸਮਾਗਮ ਤਦ ਹੀ ਪ੍ਰਵਾਨ ਹੋ ਸਕਦਾ ਹੈ ਜੇ ਇਹ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੀ ਚਾਲੂ ਬਿਪਰਨ ਰੀਤਕਾਰ ਨੂੰ ਖਤਮ ਕਰਵਾਕੇ ਹੀ ਕੀਤਾ ਗਿਆ ਹੈ। ਇਸ ਤੋਂ ਸਿਵਾ ਇਸ ਘਰ ਆਉਣਾਂ, ਸ਼ਹੀਦੀ ਸਮਾਗਮ ਕਰਕੇ, ਖਮੋਸ਼ ਚਲੇ ਜਾਣਾਂ, ਸਿਖ ਧਰਮ ਨੂੰ ਅਪਣਾਕੇ ਵਿਚਰਨ ਵਾਲਿਆਂ, ਆਪਣੇ ਮੋਢਿਆਂ ਤੇ ਇਕ ਭਾਰੀ ਅਵੱਗਿਆ ਦਾ ਭਾਰ ਲੱਦਕੇ ਚਲੇ ਜਾਣਾਂ ਹੈ।

ਇਹ ਸ਼ਹੀਦੀ ਸਮਾਗਮ ਹੁੰਦਾ ਹੈ। ਸਿਖ ਤੋਂ ਅੱਗੇ ਹੋਰ ਵੱਡੇ ਨਾਮ ਬੱਬਰ, ਨਿਹੰਗ, ਅਖੰਡ ਕੀਰਤਨੀ ਅਤੇ ਕਦੇ ਜਾਂ ਹੁਣ ਵੀ ਜਲਾਵਤਨ ਖਾਲਿਸਤਨਾਨ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਜੀ, ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਜੀ ਨੂੰ ਸ਼ਰਧਾਂਜਲੀਆਂ ਅਰਪਣ ਕਰਦੇ ਨੇ। ਸ਼ਬਦ ਗੁਰੂ ਦੇ, ਸ਼ਹੀਦਾਂ ਦੇ ਅਤੇ ਸਿਖ ਸਿਧਾਂਤਾਂ ਦੇ ਘੋਰ ਅਪਮਾਨ ਵਾਲੇ ਬਿਪਰਨ ਰੀਤ ਸਬੂਤ ਨਾਲ ਖੜ੍ਹਕੇ ਖਿਚਵਾਈਆਂ ਫੋਟੋਆਂ ਨੂੰ ਮੇਡੀਏ ਵਿਚ ਲੁਆ ਰਹੇ ਨੇ। ਜਿਵੇਂ ਇਹ ਇਨਾਂ ਲਈ ਕੋਈ ਵੱਡੇ ਮਾਣ ਵਾਲੀ ਗੱਲ ਹੋਵੇ। ਹੋਰ ਅੱਗੇ ਕਿ ਸ਼ੁਕਰ ਇਹ ਕਿ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਾਂ ਨਹੀਂ ਪਰ ਇਸ ਗੁਰੂ ਦੇ ਪ੍ਰਕਾਸ਼ ਹਾਲ ਨੂੰ ਜਾਂਦੀਆਂ ਪੌੜੀਆਂ ਸਾਹਮਣੇ ਆਪਣੇ ਵਲੋਂ ਵੀ ਤਸਵੀਰਾਂ ਦੇ ਮੋਟੋ ਲਾ ਦਿੰਦੇ ਹਨ। ਜਦ ਕਿ ਸੰਸਾਰ ਤੇ ਹਰ ਗੁਰੂਘਰ ਦੀ ਹਦੂਦ ਵਿਚ ਦਾਖਲ ਹੋਣ ਮਗਰੋਂ ਸ਼ਬਦ ਗੁਰੂ ਦੀ ਹਜੂਰੀ ਭਰਨ ਲਈ, ਗੁਰੂ ਦੇ ਪ੍ਰਕਾਸ਼ ਹਾਲ ਨੂੰ ਜਾਂਦੇ ਰਾਹ ਵਿਚ ਸਾਹਮਣੇ ਕਿਸੇ ਦਿਵਾਰ ਉਤੇ, ਗੁਰੂ ਦੇ ਪ੍ਰਕਾਸ਼ ਹਾਲ ਵਿਚ ਦਾਖਲ ਕਰਦੇ ਕਿਸੇ ਦਰਵਾਜੇ ਅਤੇ ਦਰਵਾਜੇ ਵਾਲੀ ਕਿਸੇ ਕੰਧ ਤੇ ਵੀ ਕੋਈ ਤਸਵੀਰ ਨਹੀਂ ਹੋ ਸਕਦੀ, ਦਾਸ ਨੂੰ ਗੁਰੂਮੱਤ ਸਮਝ ਆਈ। ਹਾਂ ਇਸ ਗੁਰੂ ਦਰਬਾਰ ਨੂੰ ਜਾਂਦੇ ਸਾਹਮਣੇ ਰਾਹ ਅਤੇ ਦਰਵਾਜੇ ਨੂੰ ਛੱਡਕੇ, ਸੱਜੇ ਖੱਬੇ ਉਸ ਵਸ਼ੇਸ਼ ਦਿਨ ਦੀ ਜਾਣਕਾਰੀ ਅਤੇ ਸਬੰਧਤ ਤਸਵੀਰਾਂ, ਜਾਂ ਕੋਈ ਹੋਰ ਜਰੂਰੀ ਜਾਣਕਾਰੀ ਅਤੇ ਜਰੂਰੀ ਤਸਵੀਰ ਜਰੂਰ ਹੋ ਸਕਦੀ ਹੈ। ਜਿਵੇਂ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਨੂੰ ਆਉਂਦਾ ਰਾਹ, ਸ਼ਬਦ ਗੁਰੂ ਦਾ ਪ੍ਰਕਾਸ਼ ਹਾਲ, ਜਿਥੇ ਸੰਗਤ ਜੁੜੀ ਬੈਠੀ ਹੈ ਕੋਈ ਤਸਵੀਰ ਲੱਗੀ ਹੋਈ ਨਹੀਂ ਹੋ ਸਕਦੀ ਇਵੇਂ ਹੀ ਇਹ ਸੰਗਤ ਜਿਸ ਹਾਲ ਵਿਚ ਪੰਗਤ ਹੋ ਬੈਠਦੀ ਹੈ ਉਥੇ ਵੀ ਕੋਈ ਤਸਵੀਰ ਨਹੀਂ ਹੋ ਸਕਦੀ। ਇਹ ਇਸ ਲਈ ਵੀ ਹੈ ਕਿ ਅੱਜ ਸੰਸਾਰ ਤੇ ਰਹਿੰਦੇ ਤਕਰੀਬਨ 6500 000 000 000 (ਛੇ ਹਜਾਰ ਪੰਜ ਸੌ ਮਿਲੀਅਨ) ਇਨਸਾਨਾਂ ਵਿਚੋਂ ਅੱਜ ਅਤੇ ਭਵਿਖ ਵਿਚ ਵੀ ਖਾਲਸਾ ਪੰਥ ਨੂੰ ਕੋਈ ਇਹ ਤਾਹਨਾਂ ਮੇਹਣਾਂ ਮਾਰਨ ਵਾਲਾ ਨਾ ਹੋ ਸਕੇ ਕਿ ਸਿਖ ਮੁਫਤ ਲੰਗਰ ਦੇ ਬਦਲੇ, ਫੋਟੋਆਂ ਦੁਆਰਾ ਆਪਣੇ ਸ਼ਹੀਦਾਂ ਦੇ ਦਰਸ਼ਨ ਕਰਾਉਂਦੇ ਨੇ। ਹਰ ਗੁਰੂ ਘਰ ਵਿਚ ਇਹ ਤਿੰਨੇ ਸਥਾਨ ਰਾਹ, ਸ਼ਬਦ ਗੁਰੂ ਦਾ ਪ੍ਰਕਾਸ਼ ਹਾਲ ਅਤੇ ਪੰਗਤ ਹਾਲ ਸਿਰਫ ਤੇ ਸਿਰਫ ਇਕੋ ਇਕ ਨਿਰਾਕਾਰ ਅਕਾਲਪੁਰਖ ਅਤੇ ਉਸ ਦੇ ਮਿਲਾਪ ਰਾਹ, ਉਸ ਦੀ ਗੁਰਬਾਣੀ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਸਰਪਰਸਤੀ ਅਤੇ ਅਧਿਕਾਰ ਹੇਠ ਪਵਿਤ੍ਰ ਸਥਾਨ ਹਨ। ਕਿਸੇ ਸ਼ਹੀਦ ਦੀ ਤਸਵੀਰ ਲਈ ਇਨਾਂ ਤਿੰਨਾਂ ਗੁਰੂ ਅਧੀਨ, ਕਰਤੇ ਅਧੀਨ ਪਵਿਤ੍ਰ ਸਥਾਨਾਂ ਤੋਂ ਬਾਹਰਾਂ ਕੋਈ ਹੋਰ ਕਮਰਾ ਕੋਈ ਹਾਲ, ਹਰ ਗੁਰੂ ਘਰ ਵਿਚ ਹੋਣਾਂ ਜਰੁਰ ਬਣਦਾ

ਹੈ ਜਿਸ ਨੂੰ ਸਿਖ ਲਾਇਬਰੇਰੀ ਜਾਂ ਸਿਖ ਧਰਮ, ਇਤਿਹਾਸ ਜਾਣਕਾਰੀ ਘਰ ਆਦਿ ਨਾਮ ਦਿੱਤਾ ਹੋ ਸਕਦਾ ਹੈ। ਜਿਥੇ ਗੁਰੂ ਇਤਿਹਾਸ, ਸਿਖ ਇਤਿਹਾਸ ਅਤੇ ਅਜੋਕਾ ਸਿਖ ਸੰਘਰਸ਼ ਇਤਿਹਾਸ ਤਸਵੀਰਾਂ ਅਤੇ ਉਨਾਂ ਤੇ ਉਸ ਦੇਸ਼ ਦੀ ਭਾਸ਼ਾ ਵਿਚ ਲਿਖੇ ਦੁਆਰਾ ਬਿਆਨ ਕੀਤਾਂ ਹੋਣਾਂ, ਹੀ ਗੁਰੂ ਮੱਤ ਸਮਝ ਆਈ ਹੈ।

ਪਰ ਇਸ ਸ਼ਹੀਦੀ ਸਮਾਗਮ ਦਿਨ ਦੋ ਸਿਖ ਭਾਈਆਂ ਵੱਲੋਂ ਕਮੇਟੀ ਦੇ ਕਿਸੇ ਜ਼ਿਮੇਵਾਰ ਸਿਖ ਦਾ ਧਿਆਨ, ਉਨਾਂ ਦੀ ਮਨਮਤ, ਗੁਰਮਤਿ ਅਸੂਲਾਂ ਦੇ ਉਲਟ ਕਾਰ ਦੁਆਰਾ, ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਦੇ ਕੀਤੇ ਜਾ ਰਹੇ ਘੋਰ ਅਪਮਾਨ ਵੱਲ ਦੁਆਕੇ, ਇਸ ਬਿਪਰਨ ਰੀਤ ਨੂੰ ਖਤਮ ਕਰ ਦੇਣ ਦੀ ਕੀਤੀ ਗਈ ਬੇਨਤੀ ਵਾਰੇ ਜਰੂਰ ਸੁਣਿਆਂ ਹੈ। ਇਹ ਸ਼ਹੀਦੀ ਸਮਾਗਮ ਕਰਨ ਵਾਲੇ ਵੀਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣ ਦੇ ਤਿੰਨ ਸੌ ਸਾਲਾ ਦਿਨ ਨੂੰ ਮਨਾਉਣ ਵਾਲਿਆਂ ਵਿਚ ਵੀ ਇਸ ਗੁਰੂਘਰ ਸੰਗਤ ਵਿਚ ਬਿਰਾਜਮਾਨ ਹਨ।

ਹੁਣ ਸ੍ਰੀ ਗੁਰ ਗ੍ਰੰਥ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਆਇਆ। ਕੁਝ ਦਿਨ ਪਹਿਲੋਂ ਇਕ ਵੀਰ ਇਸ ਦਿਨ ਨਗਰ ਕੀਰਤਨ ਤੇ ਆਉਣ ਲਈ ਕਹਿੰਦਾ ਹੈ ਤਾਂ ਦਾਸ ਦਾ ਜਬਾਬ ਸੀ ਕਿ ਆਪੇ ਸ਼ਬਦ ਗੁਰੂ ਦਾ ਘੋਰ ਅਪਮਾਨ ਕੀਤਾ ਹੋਣਾਂ ਅਤੇ ਆਪੇ ਇਸੇ ਸ਼ਬਦ ਗੁਰੂ ਦੀਆਂ ਸ਼ਤਾਬਦੀਆਂ ਮਨਾਉਣੀਆਂ, ਦਾਸ ਇਸ ਤਮਾਸ਼ੇ ਵਿਚ ਪਾਤਰ ਨਹੀਂ ਹੋ ਸਕਦਾ। ਹਾਂ ਬਿਨਾਂ ਸ਼ਮੂਲੀਅਤ ਦੂਰੋਂ ਦਰਸ਼ਕ ਭਲਾ। ਇਸ ਗੁਰੂਘਰ ਦੀ ਕਮੇਟੀ ਦੇ ਐਲਾਨ ਉਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਦੇਸ਼ ਵਦੇਸ਼ ਤੋਂ ਹੁਮ ਹੁਮਾਕੇ ਸੰਗਤਾਂ ਫਰੰਕਫਰਟ ਪਹੁੰਚੀਆਂ। ਜਿਸ ਦੀ ਬਹੁਤ ਵੱਡੀ ਗਿਣਤੀ ਦੱਸੀ ਜਾਂਦੀ ਹੈ। ਇਨਾਂ ਸੰਗਤਾਂ ਵਿਚ ਜਰਮਨੀ ਦੇ ਸਮੂਹ 18 ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ, 'ਸਿਖ ਫੋਰਮ' ਅਤੇ ਸਿਖ ਧਰਮ ਨਾਲ ਸੰਬਧਤ ਹੋਰ ਅਣਗਿਣਤ ਅਦਾਰਿਆਂ ਅਤੇ ਜਥੇਬੰਦੀਆਂ ਦੇ ਅਣਗਿਣਤ ਸਿੰਘਾਂ ਵਿਚੋਂ ਕਈ ਗੁਰੂ ਘਰ ਫਰੰਕਫਰਟ ਵੀ ਆਏ ਹੋਣਗੇ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦਿਨ ਨੂੰ ਮਨਾਉਣ ਲਈ ਅਗਲੇ ਦਿਨ ਇਨਾਂ ਵਿਚੋਂ ਅਣਗਿਣਤ ਇਸ ਗੁਰੂ ਘਰ ਸੰਗਤ ਵਿਚ ਵੀ ਬੈਠੇ ਹੋਣਗੇ। ਇਸ ਵਿਸ਼ੇਸ਼ ਦਿਨ ਤੇ ਪੰਥ ਦੇ ਤਿੰਨ ਵਿਦਵਾਨ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ ਜੀ, ਇੰਗਲੈਂਡ ਤੋਂ ਡਾ ਗੁਰਦੀਪ ਸਿੰਘ ਜਗਬੀਰ ਅਤੇ ਡਾਕਟਰ ਹਰਦਿਆਲ ਸਿੰਘ ਇੰਗਲੈਂਡ ਪਹੁੰਚੇ ਹੋਏ ਹਨ। ਭਾਈ ਦਰਸ਼ਣ ਸਿੰਘ ਖਾਲਸਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹਨ। ਸੰਗਤ ਵਿਚ ਅਣਗਿਣਤ ਉਹ ਬੈਠੇ ਹਨ ਜਿਨਾਂ ਨੂੰ ਪੰਥ ਲਈ ਕੀਤੀਆਂ ਸੇਵਾਵਾਂ ਕਰਕੇ ਸਤਿਕਾਰਿਆਂ ਜਾਣਾਂ ਹੈ ਜਿਨਾਂ ਵਿਚ ਅਖਬਰਾਂ ਦੇ ਮਾਲਕ, ਪੱਤਰਕਾਰ ਵੀ ਬੈਠੇ ਹਨ। ਇਸ ਮੌਕੇ ਕਈਆਂ ਵਲੋਂ ਸ਼ਬਦ ਗੁਰੂ ਦਾ ਸਟੇਜ ਤੋਂ ਕੀਰਤਨ ਕੀਤਾ ਹੋਵੇਗਾ। ਕਈਆਂ ਵਲੋਂ ਆਪਣੇ ਵਿਚਾਰ ਸਟੇਜ ਤੋਂ ਸੰਗਤਾਂ ਨਾਲ ਸਾਂਝੇ ਕੀਤੇ ਹੋਣਗੇ। ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ ਜੀ ਅਤੇ ਹੋਰ ਸਿਖ ਸਖਸ਼ੀਅਤਾਂ ਵਲੋਂ ਵਿਸ਼ੇਸ਼ ਸੇਵਾਵਾਂ ਕਰਕੇ, ਸਤਿਕਾਰ ਦੇ ਪਾਤਰ ਗੁਰਸਿਖ, ਸਿਰਪਾਉ ਦੀਆਂ ਬਖਸ਼ਿਸਾਂ ਨਾਲ ਨਿਵਾਜ਼ੇ ਜਾ ਰਹੇ ਨੇ।

ਸ਼ੁਕਰ ਹੈ ਸ੍ਰੀ ਗੁਰ ਗ੍ਰੰਥ ਜੀ ਦੇ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜੇ ਨੂੰ ਸਮ੍ਰਪਤ ਸੈਮੀਨਾਰ ਇਸ ਗੁਰੂ ਘਰ ਦੀ ਹੱਦ ਤੋਂ ਬਾਹਰ ਕਰਵਾਇਆ ਗਿਆ ਜਿਥੇ ਇਸ ਦਿਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਵਿਦਵਾਨਾਂ ਵਲੋਂ ਆਪਣੇ ਵਿਚਾਰ ਸਾਂਝੇ ਕਰਨ ਮਗਰੋਂ ਸਿੰਘਾਂ ਦੇ ਅਤੇ ਮੇਡੀਏ ਦੇ ਨੁੰਮਾਇੰਦਿਆਂ ਵਲੋਂ ਪੁੱਛੇ ਸਵਾਲਾਂ ਦੇ ਜਬਾਬ ਦਿੱਤੇ ਗਏ। ਮੇਡੀਏ ਵਲੋਂ ਇਸ ਮਨਾਈ ਸ਼ਬਦ ਗੁਰੂ ਦੀ ਸ਼ਤਾਬਦੀ ਦੀਆਂ ਖਬਰਾਂ ਨਸ਼ਰ ਕੀਤੀਆਂ ਅਤੇ ਸਿਖਾਂ ਦੀ ਵੱਖਰੀ ਪਹਿਚਾਣ ਬਣਾਉਣ ਲਈ ਇਸ ਦੇ ਪ੍ਰਬੰਧਕਾਂ ਨੂੰ ਸਲਾਹਿਆ ਅਤੇ ਵਡਿਆਇਆ ਗਿਆ।

ਇਸ ਤਿੰਨ ਸੌ ਸਾਲਾ ਗੁਰਤਾਗੱਦੀ ਦਿਵਸ ਦੇ ਮਗਰੋਂ ਉਨਾਂ ਬੱਬਰਾਂ ਨਾਲ ਸਬੰਧਤ ਕੁਝ ਵੀਰਾਂ ਦੇ ਦਰਸ਼ਨ ਹੁੰਦੇ ਨੇ ਜੋ ਫਰੰਕਫਰਟ ਸ਼ਹੀਦ ਦਿਲਾਵਰ ਸਿੰਘ ਦੀ ਬਰਸੀ ਸਮਾਗਮ ਸਮੇਂ ਇਥੇ ਨਾ ਪਹੁੰਚਣ ਵਾਲੇ ਹਨ। ਉਨਾਂ ਨਾਲ ਹੋਰ ਪੰਥਕ ਅਤੇ ਗਰੁਮਤਿ ਵਿਚਾਰਾਂ ਤੋਂ ਇਲਾਵਾ ਭਕਨੇ ਨਾਲ ਬੀਤੀ ਅਤੇ ਉਸ ਨੂੰ ਬੁਲਾਈ ਆਖਰੀ ਫਤਹਿ ਵਾਰੇ ਜਾਣਕਾਰੀ ਦੇਂਦਾ ਹਾਂ। ਇਨਾਂ ਬੱਬਰ ਨਾਮ ਵਾਲੇ ਵੀਰਾਂ ਨਾਲ, ਗੁਰੂਘਰ ਫਰੰਕਫਰਟ ਜੋ ਅੱਖਾਂ ਵੇਖਿਆ, ਆਪਣੇ ਸ਼ਬਦ ਗੁਰੂ ਦਾ, ਸਿਖ ਧਰਮ, ਗੁਰੂ ਰੂਪ ਖਾਲਸਾ ਪੰਥ, ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦਾ ਘੋਰ ਅਪਮਾਨ, ਸਾਂਝਾ ਕਰਦਾ ਹਾਂ ਤੇ ਵੱਡੇ ਨਾਮ ਬੱਬਰ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਗੁਰੂ ਘਰ ਦੇ ਪ੍ਰਬੰਧਕ ਵੀਰਾਂ ਨੂੰ ਉਨਾਂ ਦੀ ਗੁਰੂ ਹੁਕਮਾਂ ਉਲਟ ਕਾਰ ਦਾ ਅਤੇ ਇਸ ਦੁਆਰਾ ਆਪਣੇ ਹੀ ਸ਼ਬਦ ਗੁਰੂ ਦੇ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦਾ ਅਹਿਸਾਸ ਕਰਵਾਕੇ, ਗੁਰੂਘਰ ਤੋਰੀ

ਬਿਪਰਨ ਰੀਤ ਨੂੰ ਰੁਕਾਇਆ ਜਾਵੇ। ਫਿਰ ਹੀ ਵੱਡਾ ਨਾਮ ਧਰਾਈ ਵਿਚਰਨ ਵਾਲਿਆਂ ਦਾ ਇਸ ਗੁਰੂ ਘਰ ਮੁੜ ਪੈਰ ਪਾਉਣਾਂ ਬਣਦਾ ਹੈ।

ਪਿਛਲੇ ਸਾਲ ਨਵੰਬਰ ਦੇ ਅੰਤ ਤੇ **'ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ'** ਸਰਲੇਖ ਲਿਖਤ ਅਤੇ ਇਸ ਨਾਲ ਕੁਝ ਹੋਰ ਸਿਖ ਦੀ ਪ੍ਰੀਭਾਸ਼ਾ ਨਾਲ ਸਬੰਧਤ ਖਤ mediapunjab.com ਨੂੰ ਪਹੁੰਚਣ ਮਗਰੋਂ ਸੰਪਾਦਕ ਭਾਈ ਬਲਦੇਵ ਸਿੰਘ ਬਾਜਵਾ ਜੀ ਸੁਭਾਵਕ ਹੀ ਪੁੱਛਦੇ ਹਨ ਕਿ ਸ਼ਬਦ ਗੁਰੂ ਦੇ ਮਨਾਏ ਤਿੰਨ ਸੌ ਸਾਲਾ ਗੁਰਤਾ ਗੱਦੀ ਸਮਾਗਮ ਸਮੇਂ ਫਰੰਕਫਰਟ ਆਪਜੀ ਦੇ ਦਰਸ਼ਨ ਨਹੀਂ ਹੋਏ ਤਾਂ ਉਨਾਂ ਨਾਲ ਦਿਲ ਦਾ ਦਰਦ, ਸੱਚ ਸਾਂਝਾ ਕਰਦਾ ਹਾਂ ਕਿ ਇਥੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਜੂਨ ਚੌਰਾਸੀ ਦੇ ਦੋ ਸ਼ਹੀਦਾਂ ਸੰਤ ਜਰਨੈਲ ਸਿੰਘ ਖਾਲਸਾ ਅਤੇ ਸ਼ਹੀਦ ਭਾਈ ਅਮੀਰ ਸਿੰਘ ਜੀ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਜੋ ਮੇਰੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਮੇਰੇ ਗੁਰੂ ਰੂਪ ਖਾਲਸਾ ਪੰਥ ਦੀਆਂ ਪਵਿਤ੍ਰ ਰਵਾਇਤਾਂ, ਪ੍ਰੰਪਰਾਵਾ, ਨਿਯਮਾਂ ਅਤੇ ਮੇਰੇ ਪਿਆਰੇ ਸ਼ਹੀਦਾਂ ਦਾ ਘੋਰ ਅਪਮਾਨ ਹੈ। ਜਦ ਤਕ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ ਵਿਚ ਇਹ ਬਿਪਰਨ ਰੀਤ ਨੀਚ ਕੁਕਰਮ ਹੈ, ਉਦ ਤੱਕ ਮੇਰੇ ਲਈ ਇਹ ਗੁਰੂਘਰ ਨਹੀ ਹੈ, ਗੁਰੂ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਘਰ ਹੈ। ਜਿਸ ਕਰਕੇ ਮੇਰੇ ਲਈ ਇਸ ਗੁਰੂ ਦੇ ਅਪਮਾਨ ਘਰ ਪੈਰ ਧਰਨੇਂ, ਪ੍ਰਬੰਧਕਾਂ ਦੇ ਨੀਚ ਬਿਪਰਨ ਰੀਤ ਕੁਕਰਮ ਨਾਲ ਸਹਿਮਤੀ ਅਤੇ ਸ਼ਮੂਲੀਅਤ ਜਾਹਰ ਕਰ ਦੇਣੀ ਹੈ ਅਤੇ ਇਥੋਂ ਦੇ ਪ੍ਰਬੰਧਕਾਂ ਵਾਂਗਰ, ਆਪਣੇ ਸਿਰ ਵੀ ਪਾਪਾਂ ਦੀ ਪੰਡ ਨੂੰ ਕਰ ਲੈਣਾਂ ਹੈ। ਆਪੇ ਸ਼ਬਦ ਗੁਰੂ ਦਾ ਘੋਰ ਅਪਮਾਨ ਕੀਤਾ ਹੋਣਾਂ ਅਤੇ ਆਪੇ ਇਸੇ ਸ਼ਬਦ ਗੁਰੂ ਦੀਆਂ ਸ਼ਤਾਬਦੀਆਂ ਮਨਾਉਣੀਆਂ, ਦਾਸ ਇਸ ਤਮਾਸ਼ੇ ਵਿਚ ਪਾਤਰ ਨਹੀਂ ਹੋ ਸਕਦਾ। ਇਸ ਲਈ ਦੂਰੋਂ ਹੀ ਦਰਸ਼ਕ ਰਿਹਾ ਹਾਂ।

ਅਮਰੀਕਾ ਤੋਂ ਇਕ ਸੰਘਰਸ਼ਸ਼ੀਲ ਸਿਖ ਜਥੇਬੰਦੀ ਦੇ ਮੁਖੀ ਯੌਰਪ ਦੇ ਇਕ ਦੇਸ਼ ਵਿਚ ਆਏ ਹੁੰਦੇ ਹਨ। ਉਹ ਫਰੰਕਫਰਟ ਸੰਗਤ ਦੇ ਦਰਸ਼ਨਾਂ ਦੀ ਤਮੰਨਾਂ ਪ੍ਰਗਟਾਉਂਦੇ ਨੇ ਤੇ ਦਾਸ ਨੂੰ ਨਾਲ ਚੱਲਣ ਲਈ ਕਹਿੰਦੇ ਨੇ।

ਪੰਜਾਬ ਤੋਂ ਆਏ ਇਕ ਢਾਡੀ ਜਥੇ ਨੇ ਫਰੰਕਫਰਟ ਗੁਰੂ ਘਰ ਆਉਣਾਂ ਹੁੰਦਾ ਹੈ। ਉਹ ਦਾਸ ਨੂੰ ਇਥੇ ਆਉਣ ਦੀ ਬੇਨਤੀ ਕਰਦੇ ਨੇ। ਦਾਸ ਦਾ ਦੋਹਾਂ ਥਾਈਂ ਇਹ ਹੀ ਜਬਾਬ ਸੀ ਜਦ ਤੱਕ ਇਥੇ ਆਹ ਮੇਰੇ ਸ਼ਬਦ ਗੁਰੂ ਦਾ, ਮੇਰੇ ਸਿਖ ਧਰਮ ਦਾ, ਮੇਰੇ ਗੁਰੂ ਰੂਪ ਖਾਲਸਾ ਪੰਥ ਦੀਆਂ ਪਵਿਤ੍ਰ ਰਵਾਇਤਾਂ, ਪ੍ਰੰਪਰਾਵਾ, ਨਿਯਮਾਂ ਅਤੇ ਮੇਰੇ, ਮੇਰੇ ਪੰਥ ਦੇ ਸ਼ਹੀਦਾਂ ਦਾ ਘੋਰ ਅਪਮਾਨ ਹੋ ਰਿਹਾ ਹੈ, ਦਾਸ ਦਾ ਇਥੇ ਜਾਣਾਂ, ਇਨਾਂ ਦੀ ਮਾੜੀ ਕਾਰ ਤੇ ਆਪਣੀ ਸਹਿਮਤੀ ਅਤੇ ਸ਼ਮੂਲੀਅਤ ਦੀ ਮੋਹਰ ਲਾ ਦੇਣਾਂ ਹੈ ਅਤੇ ਇਹ ਬਿਪਰਨ ਰੀਤ ਕਰਨ ਵਾਲਿਆਂ ਵਾਂਗਰ, ਆਪਣੇ ਸਿਰ ਵੀ ਪਾਪਾਂ ਦੀ ਪੰਡ ਕਰ ਲੈਣੀਂ ਹੈ। ਨਾਲ ਚੱਲਣ ਤੋਂ ਆਪਣੀ ਅਸਮਰੱਥਾ ਪ੍ਰਗਟਾ ਦਿੱਤੀ ਗਈ।

ਉਹ ਵੀਰ ਰਜਿੰਦਰ ਸਿੰਘ ਬੱਬਰ ਜਿਸ ਨਾਲ ਸ਼ੁਰੂ ਵਿਚ ਇਹ ਸੱਭ ਸਾਂਝਾ ਕੀਤਾ ਹੁੰਦਾ ਹੈ, ਦਾਸ ਨੂੰ ਸਲਾਹ ਦੇਂਦਾ ਹੈ ਕਿ ਭਾਈ ਗੁਰਚਰਨ ਸਿੰਘ ਨਾਲ ਸਿਧੀ ਗੱਲ ਕਰਾਂ। ਉਹ ਤੁਸਾਂ ਨੂੰ ਫੋਨ ਕਰੇਗਾ। ਜਦ ਕਿ ਮਨ ਸੀ ਕਿ ਇਹ ਪਹਿਲੋਂ ਸਿਖਾਂ ਦੇ ਧਰਮ ਦਾ ਮਸਲਾ ਤੇ ਸਿਖ ਹੀ ਇਸ ਨੂੰ ਨਜਿੱਠਣ। ਸੋਚਦਾ ਹਾਂ ਕਿ ਬਈ ਮੈਂ ਨਾ ਦੁਕਿਆਂ, ਨਾਂ ਤਿਕਿਆਂ ਚੋਂ ਕਿ ਉਹ ਮੈਨੂੰ ਫੋਨ ਕਰੇਗਾ। ਪਰ ਭਾਈ ਗੁਰਚਰਨ ਸਿੰਘ ਦਾ ਸਚਮੁਚ ਹੀ ਫੋਨ ਆਉਂਦਾ ਹੈ। ਉਸ ਅੱਗੇ, ਇਸ ਗੁਰੂ ਘਰ ਸ਼ਬਦ ਗੁਰੂ ਦੇ ਪ੍ਰਕਾਸ਼, ਹਾਲ ਵਿਚ ਲੱਗੀਆਂ ਦੋ ਸ਼ਹੀਦਾਂ ਦੀਆਂ ਤਸਵੀਰਾਂ, ਗੁਰਮਤਿ ਦੇ ਉਲਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਿਖ ਧਰਮ, ਗੁਰੂ ਰੂਪ ਖਾਲਸਾ ਪੰਥ ਦੀਆਂ ਪਵਿਤ੍ਰ ਰਵਾਇਤਾਂ, ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦਾ ਘੋਰ ਅਪਮਾਨ, ਰੱਖਦਾ ਹੋਇਆ, ਸਤਿਕਾਰਯੋਗ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਤੋਂ ਸਤਿਕਾਰ ਨਾਲ ਲਾਹਕੇ ਉਨਾਂ ਨੂੰ ਕਿਸੇ ਹੋਰ ਸਤਿਕਾਰ ਵਾਲੀ ਬਣਦੀ ਸਹੀ ਜਗਾਹ ਤੇ ਲਾਕੇ, ਗੁਰੂ ਦੀਆਂ ਅਸੀਸਾਂ ਲੈਣ ਦੀ ਬੇਨਤੀ ਕਰਦਾ ਹਾਂ। ਉਹ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣ ਦੀ ਆਪਣੀ ਕੀਤੀ ਨੂੰ ਸਹੀ ਦੱਸਣ ਲਈ ਦਲੀਲਾਂ ਦੇਣ ਪੈ ਗਿਆ ਹੈ। ਜਦ ਕਿ ਦਾਸ ਲਈ ਜੋ ਹੈ ਹੀ ਗੁਰਮਤਿ ਦਾ ਅਟੱਲ ਸੱਚ, ਜਿਸ ਨੂੰ ਕਦੇ ਕਿਸੇ ਸਿਖ, ਅਸਿਖ ਵੱਲੋਂ ਤਬਦੀਲ ਹੀ ਨਹੀਂ ਕੀਤਾ ਜਾ ਸਕਦਾ, ਉਸ ਨੂੰ ਤਬਦੀਲ ਕਰਨ ਲਈ ਬਹਿਸ ਵਿਚ ਪੈਣਾਂ ਅਤੇ ਦਲੀਲਾਂ ਸੁਣਨਾਂ, ਦਾਸ ਲਈ ਗੁਰੂ ਕੀਤੀ ਨੂੰ ਉਲੱਦਣ ਲਈ ਗੁਰੂ ਦੀ ਨਿੰਦਾਂ ਕਰਨ ਅਤੇ ਸੁਣਨ ਬਹਿ ਜਾਣਾਂ ਹੈ।

ਇਹ ਵੀਰ ਦਸਦਾ ਹੈ ਕਿ ਇਹ ਤਸਵੀਰਾਂ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਉਸ ਵਲੋਂ ਹੀ ਲਾਈਆਂ ਗਈਆਂ ਸਨ। ਇਹ ਇਥੋਂ ਇਸ ਕਰਕੇ ਨਹੀਂ ਲਾਹੀਆਂ ਕਿਉਂਕਿ ਇਥੇ ਲੱਗੀਆਂ ਭਾਰਤੀ ਅੰਬੈਸੀ ਦੇ ਕਰਿੰਦਿਆਂ ਨੂੰ ਬਹੁਤ ਚੁੱਭਦੀਆਂ ਨੇ। ਕਿਸੇ ਹਿੰਦੂ ਸਾਧ ਜਾਂ ਭਾਰਤੀ ਅੰਬੈਸੀ ਦੇ ਬੰਦਿਆਂ ਕਹੇ ਇਹ ਤਸਵੀਰਾਂ ਇਥੋਂ ਨਹੀ ਉਤਾਰਨੀਆਂ। ਪਰ ਇਹ ਵੀ ਕਹਿੰਦਾ ਹੈ ਕਿ

ਨਵੀਂ ਕਮੇਟੀ ਦੀ ਚੋਣ ਹੋ ਜਾਣ ਮਗਰੋਂ ਉਹ ਆਪੇ ਹੀ ਤਸਵੀਰਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚੋਂ ਲਾਹ ਲਵੇਗਾ। ਇਹ ਪਿਛਲੇ ਸਾਲ ਦੀ ਗੱਲ ਹੈ। ਫੋਨ ਤੇ ਹੋਈ ਇਸ ਗੱਲਬਾਤ ਸਮੇਂ ਇਹ ਵੀਰ ਇਹ ਵੀ ਕਹਿੰਦਾ ਹੈ ਕਿ ਇਹ ਤਸਵੀਰਾਂ ਤਾਂ ਉਦੋਂ ਵੀ ਇਥੇ ਹੀ ਲੱਗੀਆਂ ਹੋਈਆਂ ਸਨ ਜਦੋਂ ਤੁਸੀਂ ਜਥੇਬੰਦੀ ਵਿਚ ਸੇਵਾ ਕਰ ਰਹੇ ਸੀ। (24.09. 2004 ਤੱਕ) ਦਾਸ ਦਾ ਜਬਾਬ ਸੀ ਕਿ ਅਗਰ ਉਦੋਂ ਇਹ ਹੋਇਆ ਵੇਖਿਆ ਹੁੰਦਾ ਤਾਂ ਹੁਣ ਵਾਂਗ ਹੀ ਇਸ ਦੇ ਖਿਲਾਫ ਆਵਾਜ ਉਠਾਂਦਾ। ਜਦ ਕਿ ਇਸ ਲਿਖਤ ਤੋਂ ਸੱਚ ਜਾਣ ਹੀ ਸਕਦੇ ਹਾਂ ਕਿ ਅੱਜ ਜਥੇਬੰਦੀ ਵਿਚ ਸੇਵਾਦਾਰ ਨਾ ਹੁੰਦਿਆਂ ਵੀ ਗੁਰੂ ਕਰਤੇ ਰੱਬ, ਬੱਬਰ ਨਾਮ ਵਾਲੇ ਦੋਹਾਂ ਹਿੱਸਿਆਂ ਨੂੰ ਉਹ ਹੀ ਸੱਚ ਸੁਣਾਉਣ ਦਾ ਸਬੱਬ ਕੀਤਾ ਹੈ ਜੋ ਜਥੇਬੰਦੀ ਵਿਚ ਹੁੰਦੇ ਸੁਣਾਇਆ ਜਾਣਾਂ ਸੀ।

ਦਾਸ ਮਈ 2008 ਦੇ ਆਖਰੀ ਦਿਨਾਂ ਵਿਚ ਗੁਰੂਘਰ ਫਰੰਕਫਰਟ ਆਉਣ ਤੋਂ ਪਹਿਲੇ ਭਾਈ ਗੁਰਦਾਵਰ ਸਿੰਘ ਦੇ ਵਿਆਹ ਤੇ ਆਇਆ ਸੀ। ਇਸ ਸਮੇਂ ਕੋਈ ਹਾਜਰ ਸਿੰਘ ਜਾਂ ਇਸ ਸਮੇਂ ਖਿਚੀਆਂ ਤਸਵੀਰਾਂ, ਸੱਚ ਸਾਹਮਣੇ ਲਿਆ ਸਕਦੇ ਹਨ ਕਿ ਇਸ ਦਿਨ ਇਹ ਤਸਵੀਰਾਂ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਸਨ ਜਾਂ ਨਹੀ। ਜੇ ਉਦੋਂ ਇਸੇ ਜਗਾਹ ਤਸਵੀਰਾਂ ਸਨ, ਸੱਚ ਨਿਕਲਦਾ ਹੈ ਤਾਂ ਅਣਜਾਣੇ ਅਣਡਿੱਠ ਕਰ ਖਾਮੋਸ਼ ਰਹਿ ਜਾਣ ਦੀ ਮੁਆਫੀ ਲਈ ਗੁਰੂ ਅੱਗੇ, ਸੰਗਤਾਂ ਅੱਗੇ ਸਿਰ ਨਿਵਾਈ ਖੜ੍ਹਾ ਹੋਵਾਂਗਾ।

ਹੁਣ ਅਗਸਤ ਵਿਚ ਨੌਇਸ ਸ਼ਹਿਰ ਹੋਏ ਟੂਰਨਾਮੈਂਟ ਸਮੇਂ ਭਾਈ ਪ੍ਰਤਾਪ ਸਿੰਘ ਬੱਬਰ ਇਸੇ ਵੀਰ ਗੁਰਚਰਨ ਸਿੰਘ ਨੂੰ ਗੁਰੂਘਰ ਗੁਰਮਤਿ ਦੇ ਉਲਟ ਬਿਪਰਨ ਨੀਤ ਨੂੰ ਬੰਦ ਕਰਨ ਦੀ ਬੇਨਤੀ ਕਰਦਾ ਹੈ ਤਾਂ ਉਸ ਅੱਗੇ ਵੀ ਇਹ ਗੁਰਮਤਿ ਉਲਟ ਕੀਤੀ ਨੂੰ ਸਹੀ ਦੱਸਣ ਲਈ ਘੜੀਆਂ ਮਨਮਤੀ ਦਲੀਲਾਂ ਦੇਣ ਲੱਗ ਪੈਂਦਾ ਹੈ। ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲੱਗੀਆਂ ਤਸਵੀਰਾਂ, ਭਾਰਤੀ ਅੰਬੈਸੀ ਦੇ ਕਰਿੰਦਿਆਂ ਨੂੰ ਬਹੁਤ ਚੁੱਭਦੀਆਂ ਹੋਣ ਕਰਕੇ ਨਾ ਉਤਾਰਨੀਆਂ ਅਤੇ ਨਵੀਂ ਕਮੇਟੀ ਦੀ ਚੋਣ ਹੋ ਜਾਣ ਮਗਰੋਂ ਹੀ ਉਤਾਰਨੀਆਂ, ਉਸ ਨੂੰ ਵੀ ਇਹ ਹੀ ਜਬਾਬ ਮਿਲਦਾ ਹੈ ਜੋ ਇਸ ਵਲੋਂ ਤਕਰੀਬਨ ਦਸ ਮਹੀਨੇ ਪਹਿਲੋਂ ਦਾਸ ਨੂੰ ਦਿੱਤਾ ਗਿਆ ਸੀ।

ਹੁਣ ਇਸੇ ਗੁਰੂ ਘਰ ਨਾਮ 'ਸ਼ੇਰੇ ਪੰਜਾਬ' ਧਰਾਣ ਵਾਲੇ ਸਮਾਗਮ ਕਰਨ ਆਉਂਦੇ ਨੇ। ਮੇਡੀਏ ਨੂੰ ਸਨਮਾਨਤ ਕਰ ਦਾ ਐਲਾਨ ਕੀਤਾ ਹੋਇਆ ਹੁੰਦਾ ਹੈ। ਜਿਥੇ ਪਹਿਲਾਂ ਸ਼ਬਦ ਗੁਰੂ ਦੇ ਪ੍ਰਕਾਸ ਹਾਲ ਵਿਚ ਦੋ ਤਸਵੀਰਾਂ ਸਨ, ਇਹ 'ਸ਼ੇਰੇ ਪੰਜਾਬ' ਵਾਲੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਹਰ ਪਾਸੇ ਤਸਵੀਰਾਂ ਦੇ ਵੱਡੇ ਵੱਡੇ ਪੋਸਟਰ ਲਾਕੇ, ਸਾਡੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਨੂੰ ਮੂਰਤੀ ਹਾਲ ਵਿਚ ਬਦਲ ਦੇਣ ਦਾ ਕੁਕਰਮ ਕਰਦੇ ਹਨ। ਇਕ ਵੱਡੇ ਬੱਬਰ ਨਾਮ ਵਾਲੇ ਮੇਡੀਏ ਨਾਲ ਸਬੰਧਤ ਹੋਣ ਕਰਕੇ, ਸ਼ਬਦ ਗੁਰੂ ਦੇ ਅਤੇ ਸ਼ਹੀਦਾਂ ਦੇ ਘੋਰ ਆਪਮਾਨ ਦੀ ਬਿਪਰਨ ਕਾਰ ਦੇ ਬੋਲਵਾਲੇ ਵਿਚ ਅਪਣੇ ਆਪਨੂੰ ਸੇਵਾਵਾਂ ਬਦਲੇ ਹੋਰਨਾਂ ਨਾਲ ਸਨਮਾਨਤ ਕਰਵਾ ਰਹੇ ਨੇ। ਜਦੋਂ ਭਾਈ ਬਲਦੇਵ ਬਾਜਵਾ ਵਲੋਂ ਇਨਾਂ ਸਭਨਾਂ ਨੂੰ ਸ਼ਬਦ ਗੁਰੂ ਦੀ ਹਜ਼ੂਰੀ, ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣੀਆਂ, ਸ਼ਬਦ ਗੁਰੂ ਦਾ, ਸ਼ਹੀਦਾਂ ਦਾ ਅਪਮਾਨ ਹੋਣਾਂ ਦੱਸਦਿਆਂ ਇਸ ਨੂੰ ਬੰਦ ਕਰਨ ਲਈ ਕਿਹਾ ਤਾਂ ਇਨਾਂ ਕੋਲ ਕੋਈ ਉਤਰ ਨਾ ਹੁੰਦਿਆਂ ਵੀ ਆਪਣੇ ਸ਼ਬਦ ਗੁਰੂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ ਨੂੰ ਜਾਰੀ ਰੱਖਣੋਂ ਨਾ ਹਟੇ।

ਇਸ ਮਗਰੋਂ ਵਿਸ਼ੇਸ਼ ਵੱਡੇ ਨਾਮ ਇਥੇ ਗੁਰੂ ਦੀ ਧਰਤੋਂ ਸਿਖ ਵਕੀਲ ਆਏ। ਫਰਾਂਸ ਤੋਂ ਸਿਖ ਸਕੂਲ ਖੋਹਲਣ ਲਈ ਦਾਨ ਲੈਣ, ਇਥੇ ਵੱਡੇ ਨਾਮ ਬੱਬਰ ਵੀਰ ਆਏ।

ਹੁਣ ਸ਼ਬਦ ਗੁਰੂ ਨੂੰ ਆਪਣਾਂ, ਆਪਣੇ ਸ਼ਹੀਦਾਂ ਦਾ ਘੋਰ ਅਪਮਾਨ ਹੋਰ ਬਰਦਾਸ਼ਤ ਨਾ ਹੋ ਸਕਿਆ। ਉਸ ਵਲੋਂ ਮਈ 2008 ਤੋਂ ਸੌਂਪੀ ਦਾਸ ਨੂੰ ਜ਼ਿੰਮੇਵਾਰੀ ਕਿਸੇ ਹੱਦ ਤੱਕ ਨਿਭਾ ਸਕਣ ਦਾ ਦਿਨ ਲੈ ਆਂਦਾ, ਜਦੋਂ ਬੱਬਰ ਖਾਲਸਾ ਇੰਟਰਨੈਸ਼ਨਲ, ਜਿਸ ਨਾਲ ਸਬੰਧਤ ਸਿੰਘਾਂ ਦੇ ਉਪਰ ਦਰਸ਼ਨਾਂ ਦਾ ਜਿਕਰ ਹੈ, ਵੱਲੋਂ ਗੁਰੂਘਰ ਫਰੰਕਫਰਟ ਵਿਚ ਮਾਤਾ ਹਰਦੀਪ ਕੌਰ ਜੀ ਨਮਿੱਤ ਅੰਤਮ ਅਰਦਾਸ ਸਮਾਗਮ ਦਾ ਐਲਾਨ ਕਰ ਦਿੱਤਾ। ਇਸ ਦਿਨ ਜਿਨਾਂ ਹਰਫਾਂ ਦੁਆਰਾ ਗੁਰੂ ਅਤੇ ਸ਼ਹੀਦਾਂ, ਇਸ ਸਿਰ ਕੀਤੀ ਜ਼ਿਮੇਵਾਰੀ ਨੂੰ ਕਿਸੇ ਹੱਦ ਤੱਕ ਨਿਭਾਇਆ, ਨੂੰ ਸੰਗਤਾਂ ਪਹਿਲਾਂ ਹੀ www.mediapunjab.com/20090724/ (ਜਰਮਨ ਤੋਂ ਖਤ) ਅਤੇ 'ਦੀ ਸਿਖ ਟਾਇਮਜ' ਯੂਕੇ http://emgonline.co.uk/thesikhnet_punjabi/index.php (ਤੁਹਾਡੇ ਪੱਤਰ) ਤੇ ਪੜ੍ਹ ਹੀ ਚੁੱਕੀਆਂ ਹਨ:

"ਇਹ ਗੁਰਸਿਖ ਕਾਫਲਾ ਜਿਵੇਂ ਗੁਰਮਤਿ ਦੇ ਇਸ ਅਟੱਲ ਸੱਚ ਨੂੰ ਜਨਮ ਤੋਂ ਹੀ ਪੱਲੇ ਕਰ ਸੰਸਾਰ ਤੇ ਆਇਆ ਹੋਵੇ। ਇਸ ਗੁਰਸਿਖ ਕਾਫਲੇ ਲਈ ਉਸ ਸਥਾਨ, ਉਸ ਕਮਰੇ, ਉਸ ਹਾਲ ਵਿਚ, ਜਿਥੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ

ਬਿਰਾਜਮਾਨ ਹੈ, ਭਾਵੇਂ ਪ੍ਰਕਾਸ਼, ਭਾਵੇਂ ਨਾ ਪ੍ਰਕਾਸ਼, (ਜਰਮਨ ਤੋਂ ਖਤ) ਅਤੇ (ਤੁਹਾਡੇ ਖਤ)ਉਸ ਸਥਾਨ, ਉਸ ਕਮਰੇ, ਉਸ ਹਾਲ ਵਿਚ ਕਦੇ ਵੀ ਨਾ ਕੋਈ ਹੋਰ ਅਖੌਤੀ ਗ੍ਰੰਥ ਪੁਸਤਕ ਪ੍ਰਕਾਸ ਜਾਂ ਨਾ ਪ੍ਰਕਾਸ਼ ਹੀ ਹੋ ਸਕਦੀ ਹੈ, ਨਾ ਹੀ ਕਦੇ ਕੋਈ ਤਸਵੀਰ, ਬੁਤ ਜਾਂ ਕੋਈ ਹੋਰ ਹੱਥੀਂ ਤਿਆਰ ਕੀਤਾ ਨਕਲੀ ਠਾਕਰ ਹੀ ਮਾਜੂਦ ਹੋ ਸਕਦਾ ਹੈ। ਪਰ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ, ਸਾਡੇ ਦੋ ਅਤਿ ਸਤਿਕਾਰਯੋਗ ਸ਼ਹੀਦਾਂ, ਜਿਨਾਂ ਆਪਣੀਆਂ ਸ਼ਹੀਦੀਆਂ ਦੁਆਰਾ, ਆਪਣੇ ਗੁਰਸਿਖ ਭਾਈਆਂ ਨੂੰ ਗੁਰੂ ਗਿਆਨ ਦੀ ਪ੍ਰਾਪਤੀ ਕਰ ਸਕਣ ਦੇ ਸਮਰੱਥ ਕੀਤਾ ਹੈ, ਦੀਆਂ ਤਸਵੀਰਾਂ, ਪ੍ਰਬੰਧਕਾਂ ਵੱਲੋਂ ਲਾਈਆਂ ਹੋਈਆਂ ਹਨ। ਇਥੇ ਆਉਣ ਵਾਲਾ ਗੁਰੂ ਹਜੂਰ ਮੱਥਾਂ ਟੇਕਦਾ ਅਤੇ ਸੰਗਤ ਵਿਚ ਬੈਠਾ, ਇਨਾਂ ਤਸਵੀਰਾਂ ਨੂੰ, ਇਹ ਜਿਨਾਂ ਮਹਾਨ ਸ਼ਹੀਦਾਂ ਦੀਆਂ ਹਨ, ਉਨਾਂ ਨੂੰ ਪਿੱਠ ਦੇਕੇ ਬੈਠਦਾ ਹੈ। ਇਥੇ ਗੁਰੂ ਦੀ ਤਾਬਿਆ ਬੈਠਾ ਅਤੇ ਸਟੇਜ ਤੇ ਬੈਠਾ ਜਾਂ ਉਠਿਆ, ਸਾਹਮਣੇ ਦੀਵਾਰ ਤੇ ਲੱਗੀਆਂ ਤਸਵੀਰਾਂ ਵੇਖਦਾ ਹੈ ਅਤੇ ਆਪਣੇ ਹੀ ਸ਼ਬਦ ਗੁਰੂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਨੂੰ ਸਿਖੀ ਕਿਰਦਾਰ ਸਮਝਕੇ ਜਰ ਰਿਹਾ ਹੈ। ਇਸ ਗੁਰਸਿਖ ਕਾਫਲੇ ਲਈ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਦਾ ਲਾਉਣਾਂ, ਸਿਖ ਸਰੂਪ ਵਾਲਿਆਂ ਦਾ ਅੱਤ ਨੀਚ ਬਿਪਰਨ ਰੀਤ ਕੁਕਰਮ ਹੈ। ਜੋ ਜਿਥੇ ਸਾਡੇ ਸ਼ਬਦ ਗੁਰੂ ਦਾ ਘੋਰ, ਸਿਖਰ ਅਪਮਾਨ ਹੈ ਉਥੇ ਪੰਥ ਦੇ ਮਹਾਨ ਸ਼ਹੀਦਾਂ ਦਾ ਵੀ ਇਹ ਕੀਤਾ ਹੋਇਆ ਘੋਰ, ਸਿਖਰ ਅਪਮਾਨ ਹੈ। ਜਦ ਤਕ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ ਵਿਚ ਇਹ ਬਿਪਰਨ ਰੀਤ ਨੀਚ ਕੁਕਰਮ ਹੋ ਰਿਹਾ ਹੈ, ਉਦ ਤੱਕ ਇਸ ਗੁਰਸਿਖ ਕਾਫਲੇ ਲਈ ਇਹ ਗੁਰੂਘਰ ਨਹੀ ਹੈ, ਗੁਰੂ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਘਰ ਹੈ। ਜਿਸ ਕਰਕੇ ਸਾਡੇ ਲਈ ਇਸ ਅਪਮਾਨ ਘਰ ਪੈਰ ਧਰਨੋਂ, ਪ੍ਰਬੰਧਕਾਂ ਦੇ ਨੀਚ ਬਿਪਰਨ ਰੀਤ ਕੁਕਰਮ ਨਾਲ ਸਹਿਮਤੀ ਅਤੇ ਸ਼ਮੂਲੀਅਤ ਦੀ ਮੋਹਰ ਲੁਆ ਕੇ, ਇਥੋਂ ਦੇ ਪ੍ਰਬੰਧਕਾਂ ਵਾਂਗਰ, ਆਪਣੇ ਸਿਰ ਵੀ ਪਾਪਾਂ ਦੀ ਪੰਡ ਨੂੰ ਕਰ ਲੈਣਾਂ ਹੈ। "

ਉਪਰ ਖਾਸ ਬਿਆਨਿਆ ਤੋਂ ਬਾਹਰੇ ਅਣਿਗਣਤ ਪ੍ਰਾਣੀ 1 ਜੂਨ 2008 ਤੋਂ ਹੁਣ ਤੱਕ ਗੁਰੂ ਘਰ ਫਰੰਕਫਰਟ ਵਿਖੇ ਸੰਗਤ ਦੇ ਰੂਪ ਵਿਚ ਆਈ ਜਾਂਦੇ ਨੇ, ਜਾਈ ਜਾਂਦੇ ਨੇ। ਕਈ ਇਨਾਂ ਵਿਚੋਂ ਐਤਵਾਰ ਨੂੰ ਜੁੜਦੀ ਸੰਗਤ ਵਿਚ ਹਾਜਰੀ ਲਈ ਕਈ ਵਾਰ ਇਥੇ ਆਏ ਤੇ ਆਉਂਦੇ ਹੋ ਸਕਦੇ ਹਨ। ਇਥੇ ਹੁਣ ਤੱਕ ਆਇਆਂ ਵਿਚ ਅਣਗਿਣਤ ਸਾਡੇ ਗੁਰੂ ਪਿਆਰੇ ਅੰਮ੍ਰਿਤਧਾਰੀ ਗੁਰਸਿਖ ਵੀਰ ਵੀ ਹੋਣਗੇ। ਇਸ ਗੁਰੂ ਘਰ ਦੀ ਪਹਿਲੀ ਅਤੇ ਨਵੀਂ ਕਮੇਟੀ ਵਿਚ ਫੈਸਲੇ ਲੈਣ ਵਾਲੇ ਵੀ ਸਾਡੇ ਗੁਰੂ ਪਿਆਰੇ ਅੰਮ੍ਰਿਤਧਾਰੀ ਵੀਰ ਹੀ ਹੋਣਗੇ। ਜਿਨਾਂ ਨੂੰ ਗੁਰੂ ਵਲੋਂ ਆਪਣੇ ਸ਼ਬਦ ਗੁਰੂ, ਇਸ ਦੇ ਪਵਿਤ੍ਰ ਸੱਚ ਸਿਧਾਂਤਾਂ ਦੀ, ਇਸ ਵਿਰਸੇ ਦੀ ਅਤੇ ਪੰਥ ਦੀ ਸੇਵਾ ਸੰਭਾਲ, ਸਿਖੀ ਕਿਰਦਾਰ ਦੁਆਰਾ ਕਰਨ ਦੀ ਜ਼ਿਮੇਵਾਰੀ ਸੌਂਪੀ ਹੋਈ ਹੈ।

ਜਰਮਨੀ ਦੇ ਗੁਰੂ ਘਰਾਂ ਦੀਆਂ ਕਮੇਟੀਆਂ ਵਿਚੋਂ ਇਕ ਵੀਰ ਜੋ ਤਿੰਨ ਸੌ ਸਾਲਾ ਗੁਰਗੱਦੀ ਸਮਾਗਮ ਫਰੰਕਫਰਟ ਮਨਾਉਣ ਵਾਲਿਆਂ ਵਿਚ ਗੁਰੂਘਰਾਂ ਦੇ ਪ੍ਰਬੰਧਕਾਂ ਅਤੇ ਪੰਥਕ ਧਿਰਾਂ ਵੱਧ ਚੜ੍ਹਕੇ ਸਰਗ੍ਰਮ ਸੀ, ਦੀ ਕਲਮ ਤੋਂ ਮੇਡੀਆ mediapunjab.com ਵਿਚ ਲੱਗੀ ਇਕ ਲਿਖਤ ਦਾ ਸਰਲੇਖ ਭਾਵੇਂ **'ਸ਼ਤਾਬਦੀਆਂ ਸਮੇਂ ਕੌਮੀ ਜਜਬਿਆਂ ਦਾ ਹੋਇਆ ਘਾਣ'** ਹੈ ਪਰ ਉਹ ਵਦੇਸ਼ੀ ਸੰਗਤਾਂ, ਗੁਰੂਘਰਾਂ ਦੇ ਪ੍ਰਬੰਧਕਾਂ ਅਤੇ ਪੰਥਕ ਧਿਰਾਂ, ਜਿਨਾਂ ਚੋ ਉਹ ਆਪ ਹੁੰਦਾ ਹੈ, ਇਹ ਲਿਖਦਾ ਹੈ:

**"ਵਿਦੇਸ਼ਾ ਵਿੱਚ ਰਹਿਦੀ ਸਿੱਖ ਕੌਮ ਨੇ ਆਪਣੇ ਧਰਮ , ਸੱਭਿਆਚਾਰ ਨੂੰ ਮਹਾਨ ਸ਼ੈਤਾਬਦੀਆ ਸਮੇ ਪੱਛਮੀ ਲੋਕਾਂ ਚ ਆਪਣੀ ਵੱਖਰੀ ਪਹਿਚਾਣ ਦੱਸਣ ਲਈ ਯੋਗ ਉਪਰਾਲੇ ਕੀਤਾ ਤੇ ਹਰ ਦੇਸ਼ ਤੇ ਹਰੇਕ ਸ਼ਹਿਰ ਚ ਨਗਰ ਕੀਰਤਨ ਕੱਢ ਕਿ, ਸੈਮੀਨਾਰ ਕਰ ਕਿ ਤੇ ਹੋਰਨਾ ਯਤਨਾ ਰਾਹੀ ਸਿੱਖ ਧਰਮ ਦੀ ਜਾਣਕਾਰੀ ਦੁਨੀਆ ਭਰ ਨੂੰ ਦੇਣ ਵਾਲੇ ਲਿਟਰੇਚਰ ਨੂੰ ਇਹਨਾਂ ਪੱਛਮੀ ਲੋਕਾ ਅਤੇ ਦੇਸ਼ਾ ਦੀਆ ਭਾਸ਼ਾਵਾ ਵਿੱਚ ਵੱਡੀ ਮਾਤਰਾ ਵਿੱਚ ਵੰਡ ਕਿ ਇੱਥੋ ਦੇ ਪ੍ਰੈਂਟ ਅਤੇ ਇਲੈਕਟਰੋਨੀਕ ਮੀਡੀਏ ਦੀ ਸਹਾਇਤਾ ਨਾਲ ਆਪਣੀ ਵੱਖਰੀ ਪਹਿਚਾਣ ਸਾਬਤ ਕੀਤੀ ।**

**ਇਹ ਬਹੁਤ ਵੱਡੀ ਪ੍ਰਾਪਤੀ ਹੈ ਜਿਸ ਲਈ ਵਿਦੇਸ਼ਾ ਦੇ ਗੁਰੂ ਘਰਾ ਦੇ ਪ੍ਰਬੰਧਕ ਅਤੇ ਪੰਥਕ ਧਿਰਾ ਵਧਾਈ ਦੀਆ ਪਾਤਰ ਹਨ।"**

ਜੂਨ 2008 ਤੋਂ ਲੈਕੇ ਸ਼ਬਦ ਗੁਰੂ ਦੀ ਸ਼ਤਾਬਦੀ ਮਨਾਉਣ ਤੱਕ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ ਆਏ ਵੱਡੇ ਨਾਮ ਵਿਸ਼ੇਸ਼ ਤੌਰ ਤੇ ਗਿਣਾਏ ਜਾ ਚੁੱਕੇ ਹਨ।

ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਆਏ ਤਿੰਨ ਮੁਖ ਮਹਿਮਾਨ ਵਿਦਵਾਨਾਂ ਵਿਚੋਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਦਰਸ਼ਨ ਸਿੰਘ ਖਾਲਸਾ ਜੀ, ਜੋ ਗੁਰੂ ਗ੍ਰੰਥ ਸਾਹਿਬ ਅਕੈਡਮੀ ਦੇ ਮੁਖੀ ਤੇ ਗੁਰਬਾਣੀ ਦਾ ਕੀਰਤਨ ਅਤੇ ਅਰਥ ਸੰਗਤ ਨੂੰ ਸਮਝਾਉਣ ਵਾਲੇ ਵੀ ਹਨ, ਗੁਰੂ ਦੀ ਤਾਬਿਆ

ਬੈਠੇ, ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ ਵੇਖ ਰਹੇ ਨੇ। ਉਨਾਂ ਮਗਰੋਂ ਡਾਕਟਰ ਗੁਰਦੀਪ ਸਿੰਘ ਜਗਬੀਰ, ਡਾ ਹਰਦਿਆਲ ਸਿੰਘ ਜੀ, ਇਨਾਂ ਨਾਲ ਸਾਹਿਬ ਸ੍ਰੀ ਗੁਰ ਗ੍ਰੰਥ ਜੀ ਦੇ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਫਰੰਕਫਰਟ, ਪਹੁੰਚੀਆਂ ਜਰਮਨੀ ਦੇ ਹੋਰ ਅਠਾਰਾਂ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਧਿਰਾਂ, ਜਿਨਾਂ ਵਿਚ ਇਹ ਲਿਖਾਰੀ ਵੀਰ ਵੀ ਹੈ, ਜਾਂ ਤੇ ਸਟੇਜ ਤੋਂ ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ, ਵੇਖ ਰਹੀਆਂ ਨੇ ਜਾਂ ਇਨਾਂ ਤਸਵੀਰਾਂ ਨੂੰ ਪਿਠ ਕਰੀ ਬੈਠੀਆਂ ਹਨ।

ਇਥੇ ਇਨਾਂ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਆਇਆਂ ਨਾਲ ਹੋਰ ਅਨੇਕ ਧਾਰਮਿਕ ਅਤੇ ਰਾਜਨੀਤਕ ਸਰਗ੍ਰਮ ਬੁਲਾਰੇ ਸਟੇਜ ਤੋਂ ਸਾਹਮਣੇ ਦੀਵਾਰ ਤੇ ਲੱਗੀਆਂ ਤਸਵੀਰਾਂ, ਵੇਖ ਰਹੇ ਨੇ ਜਾਂ ਸੰਗਤ ਵਿਚ ਇਨਾਂ ਤਸਵੀਰਾਂ ਤੇ ਜੂਨ ਚੌਰਾਸੀ ਦੇ ਸ਼ਹੀਦਾਂ ਨੂੰ ਪਿੱਠ ਦੇਈ ਬੈਠੇ ਨੇ।

ਇਨਾਂ ਨਾਲ ਅਣਗਿਣਤ ਮੇਡੀਆ ਨਾਲ ਸਬੰਧਤ ਸਿਖਸਰੂਪ ਦਸਤਾਰਧਰੇ ਅਤੇ ਹੋਰ ਅਣਗਿਣਤ ਸਿਖ ਧਰਮ ਅਤੇ ਪੰਥ ਲਈ ਵਿਸ਼ੇਸ਼ ਸੇਵਾਵਾਂ ਕਰਕੇ ਸਨਮਾਨਤ ਹੋਣ ਅਤੇ ਸਨਮਾਨਤ ਕਰਨ ਵਾਲੇ ਹਨ। ਇਸ ਮੌਕੇ ਸੰਗਤ ਵਿਚ ਅਣਗਿਣਤ ਸਾਡੇ ਗੁਰੂ ਪਿਆਰੇ ਹੋਰ ਅੰਮ੍ਰਿਤਧਾਰੀ ਸਿਖ ਵੀ ਹੋਣਗੇ। ਜਿਨਾਂ ਨੂੰ ਗੁਰੂ ਵਲੋਂ ਆਪਣੇ ਸ਼ਬਦ ਗੁਰੂ, ਇਸ ਦੇ ਪਵਿਤ੍ਰ ਸੱਚ ਸਿਧਾਂਤਾਂ ਦੀ, ਇਸ ਵਿਰਸੇ ਦੀ ਅਤੇ ਪੰਥ ਦੀ ਸੇਵਾ ਸੰਭਾਲ, ਸਿਖੀ ਕਿਰਦਾਰ ਦੁਆਰਾ ਕਰਨ ਦੀ ਜ਼ਿਮੇਵਾਰੀ ਸੌਂਪੀ ਹੋਈ ਹੈ।

ਸਿੰਘੋ, ਆਪੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਿਖ ਧਰਮ ਦੇ ਪਵਿਤ੍ਰ ਸੱਚ ਸਿਧਾਂਤ ਥੀਮ ਦਾ, ਸਿਖ ਕਿਰਦਾਰ ਦਾ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਕੀਤਾ ਹੋਣਾਂ ਤੇ ਆਪੇ ਉਸੇ ਸ਼ਬਦ ਗੁਰੂ ਨੂੰ ਗੁਰਗੱਦੀ ਦਿਵਸ ਮਨਾਉਣੇ, ਪਰ ਕਿਸੇ ਇਕ ਦਾ ਵੀ ਆਪਣੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਸਿਖ ਧਰਮ ਦੇ ਥੀਮ ਪਵਿਤ੍ਰ ਸੱਚ ਸਿਧਾਂਤ ਦਾ ਅਤੇ ਸਿਖ ਰਹਿਣੀ ਦੇ ਕਿਰਦਾਰ ਦਾ ਘੋਰ ਅਪਮਾਨ ਕੀਤਾ ਹੋਣਾਂ ਕਿਸੇ ਨੂੰ ਨਾ ਚੁਭਣਾਂ ਅਤੇ ਇਸ ਚਾਲੂ ਬਪਰਨ ਰੀਤ ਦੇ ਖਿਲਾਫ ਨਿਤਰਨ ਵਾਲਾ ਇਕ ਸਿਖ ਵੀ ਇਸ ਮੌਕੇ ਮਾਜੂਦ ਨਾ ਹੋਣਾਂ, ਕੀ ਜਰਮਨੀ ਦੇ ਸਿਖਾਂ ਲਈ ਮਾਣ ਵਾਲੀ ਗੱਲ ਹੈ ਜਾਂ ਅਤਿ ਨਿਮੋਸ਼ੀ ਵਾਲੀ?

ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਤੋਂ ਪਹਿਲੇ ਜੂਨ 2008 ਤੋਂ ਅਤੇ ਇਸ ਮਗਰੋਂ ਹੁਣ ਤੱਕ ਫਰੰਕਫਰਟ, ਗੁਰੂਘਰ ਵਸ਼ੇਸ਼ ਵੱਡੇ ਨਾਮ ਵਾਲੇ ਆਏ, ਗਿਣਾਏ ਜਾ ਚੁੱਕੇ ਹਨ। ਇਨਾਂ ਬਾਹਰੇ ਜੂਨ 2008 ਤੋਂ ਹੁਣ ਤੱਕ ਇਥੇ ਸ਼ਬਦ ਗੁਰੂ ਦੀ ਤਾਬਿਆ ਬੈਠਣ ਵਾਲੇ, ਇਥੇ ਕਥਾ ਕੀਰਤਨ ਕਰਨ ਵਾਲੇ ਅਤੇ ਗੁਰੂ ਦੇ ਢਾਡੀ ਅਖਵਾਣ ਵਾਲੇ, ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਨ ਵਾਲੇ ਅਤੇ ਸੰਗਤ ਵਿਚ ਬੈਠਣ ਵਾਲੇ ਹੋਰ ਕੋਣ ਕੋਣ ਹੋਏ, ਇਹ ਖੁਦ, ਆਪਾਂ ਸਭਨਾਂ ਦਾ ਜਿੰਦਾ ਜਾਗਦਾ, ਸਭ ਵੇਖਦਾ, ਸਭ ਸੁਣਦਾ, ਕੁਦਰਤ ਵਿਚ ਵਸਿਆ ਬਲਹਾਰੀ ਸਿਰਜਨਹਾਰ ਅਕਾਲਪੁਰਖ ਅਤੇ ਇਸ ਦਾ ਆਪਣੀ ਕੁਦਰਤ ਵਿਚ ਕੀਤਾ, ਸਾਡੇ ਲਈ ਅਟੱਲ ਸੱਚ ਕਾਨੂੰਨ, ਜੋ ਬੀਜਣਾਂ, ਉਹ ਵੱਢਣਾਂ ਹੀ ਜਾਣਦੇ ਹੋ ਸਕਦੇ ਹਨ।

ਸਿਖ ਧਰਮ ਦੇ ਜਿਸ ਮੁੰਢਲੇ ਪਵਿਤ੍ਰ ਸੱਚ ਅਸੂਲ ਨੂੰ ਬਿਨਾਂ ਅਪਣਾਇਆਂ, ਕੋਈ ਸਿਖ ਹੀ ਨਹੀਂ ਹੋ ਸਕਦਾ ਅਤੇ ਨਾ ਹੀ ਕੋਈ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲਾ ਪ੍ਰਾਣੀ ਹੀ ਹੋ ਸਕਦਾ ਹੈ: ਉਹ ਆਪਣੇ ਗੁਰੂ ਅਨੁਸਾਰ ਬਿਪਰਨ ਰੀਤ ਬੁਤ ਪੂਜਾ, ਮੂਰਤੀ ਪੂਜਾ ਦੇ ਖਿਲਾਫ ਖੜ੍ਹਨ ਵਾਲਾ, ਇਕ ਨਿਰਾਕਾਰ, ਹਰ ਦੇ ਸਿਰਜਣਹਾਰ, ਮੁਖ ਸ਼ਕਤੀ ਸੋਮੇ, ਰੱਬ ਅਕਾਲ ਪੁਰਖ ਤੱਕ, ਆਪਣੇ ਸ਼ਬਦ ਗੁਰੂ ਦੁਆਰਾ ਪਹੁੰਚਣ ਵਾਲਾ ਅਤੇ ਜਿਥੇ ਸ਼ਬਦ ਗੁਰੂ ਦਾ ਪ੍ਰਕਾਸ਼ ਹੋਣਾਂ, ਉਸ ਹਾਲ ਵਿਚ ਕਦੇ ਕੋਈ ਮੂਰਤ, ਕੋਈ ਤਸਵੀਰ ਤੱਕ ਨਾ ਹੋ ਸਕਣੀਂ, ਗੁਰਮਤਿ ਸੱਚ, ਜਾਨਣ ਵਾਲਾ।

ਇਸ ਗੁਰਮਤਿ ਸੱਚ ਤੋਂ ਸੱਭੇ ਉਪਰ ਗਿਣਾਏ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਫਰੰਕਫਰਟ ਗੁਰੂ ਘਰ ਆਏ ਅਤੇ ਉਹ ਸੱਭੇ ਜੋ ਇਸ ਮਗਰੋਂ ਅਤੇ ਪਹਿਲੋਂ ਜੂਨ 2008 ਤੋਂ ਇਸ ਗੁਰੂਘਰ ਆਏ, ਸੱਭੇ ਹੀ ਅਣਜਾਣ ਹੋਵਣ, ਅਣਹੋਣੀ ਜਾਪ ਰਹੀ ਹੈ ਅਤੇ ਉਦੋਂ ਹੋਰ ਵੀ, ਜਦੋਂ ਇਨਾਂ ਵਿਚ ਉਹ ਵੀ ਹੋਣ, ਜਿਨਾਂ ਨਾਲ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਦਾ ਹੋਣਾਂ, ਸਾਡੇ ਸ਼ਬਦ ਗੁਰੂ ਦਾ, ਸਾਡੇ ਸ਼ਹੀਦਾਂ ਦਾ ਘੋਰ ਅਪਮਾਨ, ਸਾਂਝਾ ਕੀਤਾ ਜਾ ਚੁੱਕਿਆ ਹੋਵੇ।

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** (ਪੰਨਾ 360)

ਸਿੰਘੋਂ ਆਹ ਵੇਖੋ, ਅੰਮ੍ਰਿਤ ਦੀ ਦਾਤ ਦੁਆਰਾ, ਗੁਰੂ ਨਾਲ ਉਸ ਦਾ ਸਿਖ ਹੋਣ ਦਾ ਸਬੰਧ ਜੋੜਕੇ, ਆਪਣੇ ਹੀ ਗੁਰੂ ਹੁਕਮਾਂ ਦੇ ਉਲਟ ਕਾਰ, ਮਨਭਾਣਾਂ ਸਾਦ ਕਰਨ ਵਾਲਿਆਂ ਨੂੰ ਗੁਰਬਾਣੀ ਸੱਚ ਤਾਂ ਰਹਿੰਦ ਖੂੰਹਦ ਵਿਚੋਂ ਲੱਭਕੇ ਆਪਣਾ ਪੇਟ ਭਰਨ ਦੀ

ਕਾਰੇ ਲੱਗਾ ਹੋਇਆ ਕੀੜਾ ਐਲਾਨਦਾ ਹੈ। ਜਿਸ ਨੇ ਗੁਰੂ ਹੁਕਮਾਂ ਦੇ ਉਲਟ ਕਾਰ, ਮਨਭਾਣੇ ਸਾਦ ਦੁਆਰਾ ਆਪਣੇ ਗੁਰੂ ਨਾਲੋਂ ਤੋੜ ਲਈ ਹੈ ਅਤੇ ਆਪਣੇ ਜਿੰਦਾ ਹੁੰਦਿਆਂ ਹੀ ਜਮ ਜੂਨਾਂ ਦੇ ਮਾਰਗ, ਨਰਕ ਭਾਗੀ ਕਰ ਲਿਆ ਹੈ।

ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਦੇ ਪਵਿਤ੍ਰ ਸਿਧਾਤਾਂ ਅਤੇ ਆਪਣੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੇ ਮਨਭਾਣੇ ਸਾਦ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਈਆਂ ਹੋਣੀਆਂ ਵੇਖ ਕੇ, ਬਣਦੇ ਸਿਖ ਕਿਰਦਾਰ ਅਨੁਸਾਰ ਕੋਈ ਇਕ ਵੀ ਨਾ ਨਿਤਰ ਸਕਣਾ ਕੀ ਜਰਮਨ ਨਿਵਾਸੀ ਸਿਖਾਂ ਲਈ, ਗੁਰੂਘਰਾਂ ਦੇ ਪ੍ਰਬੰਧਕਾਂ ਲਈ ਅਤੇ ਪੰਥਕ ਧਿਰਾਂ ਲਈ ਅਤੇ ਸਮੁੱਚੇ ਪੰਥ ਲਈ ਕੀ ਕੋਈ ਵਧਾਈਯੋਗ ਮਾਣ ਵਾਲੀ ਗੱਲ ਹੈ ਜਾਂ ਸੱਭ ਲਈ ਅਤਿ ਨਮੋਸ਼ੀ ਅਤੇ **ਖਸਮੈ ਨਦਰੀ ਕੀੜਾ** ਕਰ ਲੈਣ ਵਾਲਿਆਂ ਲਈ ਫਿਕਰ ਵਾਲੀ?

ਸਿਖ ਦੀ ਪ੍ਰੀਭਾਸ਼ਾ ਵਾਰੇ ਬਹੁਤ ਕੁਝ ਲਿਖਿਆ ਅਤੇ ਕਿਹਾ ਜਾ ਚੁੱਕਾ ਹੈ। ਇਸ ਤੇ ਅਦਾਲਤ ਵਲੋਂ ਵੀ ਆਪਣਾਂ ਫੈਸਲਾ ਦਿੱਤਾ ਜਾ ਚੁੱਕਾ ਹੈ। ਮੇਦਅਿਪੁਨਜਅਬ।ਚੋਮ ਤੇ ਲੱਗੀ ਇਸੇ ਲਿਖਤ '**ਸ਼ਤਾਬਦੀਆਂ ਸਮੇਂ ਕੌਮੀ ਜਜਬਿਆਂ ਦਾ ਹੋਇਆ ਘਾਣ**' ਵਿਚ ਗੁਰੂ ਮਹਾਰਾਜ ਸਿਖ ਦੀ ਬਣਦੀ ਗੁਰਮਤਿ ਅਨੁਸਾਰ ਅਸਲ ਪ੍ਰੀਭਾਸ਼ਾ ਅਤੇ ਰਹਿਤ ਮਰਯਾਦਾ ਨੂੰ ਇਕ ਸਿਖ ਦੁਆਰਾ ਹੀ ਕੁਝ ਅਤੇ ਬੜੇ ਸਾਦੇ ਇਨਾਂ ਹਰਫਾਂ ਵਿਚ ਨੀਅਤ ਕਰਵਾ ਰਹੇ ਨੇ:

**" ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਤਾਬਦੀ ਮੌਕੇ ਘਰ ਘਰ ਅੰਦਰ ਗੁਰੂ ਗੋਬਿੰਦ ਸਿੰਘ ਜੀ ਦਾ ਆਖਰੀ ਹੁਕਮਨਾਮਾਂ ਭੇਜਣਾਂ ਸੀ । ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥ "**

ਭਾਵ ਦਸ਼ਮੇਸ਼ ਪਿਤਾ ਦਾ ਆਖਰੀ ਹੁਕਮਨਾਮਾਂ, ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੈ। ਭਾਵ ਸਿਖ ਧਰਮ ਨੂੰ ਅਪਨਾਉਣ ਵਾਲੇ, ਇਸ ਦੀ ਸੇਵਾ ਸੰਭਾਲ ਕਰਨ ਵਾਲੇ ਖਾਲਸਾ ਪੰਥ ਨੂੰ ਸੰਨ 1699 ਵਿਚ ਪ੍ਰਗਟਾਉਣ ਤੋਂ ਲੈਕੇ ਸੰਨ 1708, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖਾਲਸਾ ਪੰਥ ਦੇ ਹਵਾਲੇ ਕਰਕੇ, ਸਿਰਫ ਤੇ ਸਿਰਫ ਇਸ ਸ਼ਬਦ ਗੁਰੂ ਨੂੰ ਹੀ ਗੁਰੂ ਮੰਨਣ ਦਾ ਸਿਖਾਂ ਨੂੰ ਆਖਰੀ ਹੁਕਮਨਾਮਾਂ ਜਾਰੀ ਕਰਨ ਤੱਕ ਦੇ ਸਮੇਂ ਦੁਰਾਨ, ਦਸ਼ਮੇਸ਼ ਪਿਤਾ ਵਲੋਂ, ਉਨਾਂ ਦੇ ਹੁਕਮ ਉਤੇ ਗੁਰਸਿਖਾਂ ਜਾਂ ਉਨਾਂ ਮਗਰੋਂ ਹੋਏ ਗੁਰਸਿਖਾਂ ਵਲੋਂ ਰਹਿਤਨਾਮਿਆਂ ਵਿਚ ਜਿਕਰ ਕੁਝ ਗਿਣਵੇਂ ਗੁਰੂ ਹੁਕਮਾਂ ਦੀ ਪਾਲਣਾਂ ਦੇ ਹੁਣ ਤੱਕ ਜਾਰੀ ਸੱਭੇ ਹੁਕਮਨਾਮੇਂ ਸਿਰਫ ਤੇ ਸਿਰਫ ਖਾਲਸੇ ਨੂੰ ਪ੍ਰਗਟਾਉਣ ਅਤੇ ਉਸ ਨੂੰ ਉਸ ਦਾ ਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਕੇ ਬਖਸ਼ਿਸ਼ ਕਰਨ ਅਤੇ ਇਸ ਨੂੰ ਹੀ ਗੁਰੂ ਮੰਨਣ ਦਾ ਸੱਭ ਸਿਖਾਂ ਨੂੰ ਹੁਕਮ ਕਰਨ ਤੱਕ ਦੇ ਵਿਚਕਰਾਲੇ ਸਮੇਂ ਤੱਕ ਲਈ ਹੀ ਸੀਮਤ ਸਨ। ਭਾਵ ਅੱਜ 1708 ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੀ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ।

ਦਾਸ ਇਹ ਹੀ ਦਸ਼ਮੇਸ਼ ਪਿਤਾ ਅਤੇ ਗੁਰਬਾਣੀ ਦੀ ਇਕੋ ਸਿਖ ਦੀ ਬਣਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ, ਗੁਰਮਤਿ ਸੱਚ ਜਾਣਦੇ ਹੋਏ, ਜਦੋਂ ਗੁਰੂ ਚਾਹਿਆ, ਇਸ ਅਨੁਸਾਰ ਹੀ ਪ੍ਰਵਾਰ ਸਮੇਤ ਉਸ ਦਾ ਹੋਣਾਂ ਅਤੇ ਉਸ ਅੱਗੇ ਕਦੇ ਰੱਖੀ ਇਮਾਨਤ, ਨਾਮ ਨਿਰਮਲ ਸਿੰਘ ਧਰਾਉਣਾਂ, ਐਲਾਨਦੇ ਇਸ ਗੁਰਮਤਿ ਵਿਸ਼ੇ ਤੇ ਸਮਾਪਤੀ ਦੀ ਮੋਹਰ ਲਾਂਉਂਦਾ ਹਾਂ ਅਤੇ ਫੈਸਲਾ ਸਿਖਾਂ ਤੇ ਛੱਡਦਾ ਹੈ ਕਿ ਉਨਾਂ ਸ਼ਰੋਮਣੀ ਗੁਰਦਵਾਰਾ ਕਮੇਟੀ ਅੰਮ੍ਰਿਤਸਰ ਵੱਲੋਂ ਰਹਿਤ ਮਰਯਾਦਾ ਵਿਚ ਅੰਕਤ ਚਾਰ ਪੰਜ ਗੁਰੂ ਹੁਕਮਾਂ ਨੂੰ ਮੰਨਕੇ ਆਪਣੇ ਆਪਨੂੰ ਇਸ ਦੀ ਬੇੜੀ ਵਿਚ ਬੈਠਣ ਦੇ ਕਾਬਲ ਸਿਖ ਬਣਾਉਂਣਾਂ ਹੈ ਜਾਂ 1708 ਤੋਂ ਦਸ਼ਮੇਸ਼ ਪਿਤਾ ਵੱਲੋਂ ਕੀਤੀ ਹੋਈ ਸਿਖ ਦੀ ਰਹਿਤ ਮਰਿਯਾਦਾ, ਗੁਰਬਾਣੀ ਵਿਚ ਦਰਜ ਸਮੂਹ ਗੁਰੂ ਹੁਕਮਾਂ ਨੂੰ ਮੰਨਣਾਂ, ਅਨੁਸਾਰ ਆਪਣੇ ਆਪਨੂੰ ਨਾਨਕ ਨਾਮ ਜਹਾਜ ਦੇ ਬੇੜੇ ਵਿਚ ਸਵਾਰ ਹੋ ਸਕਣ ਦੇ ਕਾਬਲ, 21ਵੀਂ ਸਦੀ ਦਾ ਗੁਰੂ ਬਖਸ਼ਿਸ਼ ਬੁਧ ਬਬੇਕ ਭਾਗੀ, ਗੁਰਸਿਖ ਕਰਨਾ ਹੈ।

ਅਦਾਲਤ ਅੱਗੇ ਰੱਖੇ ਪੇਪਰਾਂ ਵਿਚ ਕੁਝ ਗੁਰੂ ਹੁਕਮਾਂ ਦੀ ਪਾਲਣਾਂ ਦਾ ਜਿਕਰ ਰਹਿਤਨਾਮਿਆਂ ਤੋਂ ਸਿਵਾ, ਗੁਰਸਿਖ ਧਿਰਾਂ ਨੇ ਕੇਸਾਧਾਰੀ ਹੋਣ ਨੂੰ ਕਰਤੇ ਨਾਲ ਇਕ ਮਿਕ ਹੋਣ ਲਈ ਸੰਤੁਲਨ ਜੀਵਨ ਦਾ ਅਧਾਰ ਦੱਸਿਆ ਹੈ। ਜੇ ਇਹ ਇਕੱਲੀ ਕੇਸਾਧਾਰੀ ਦਰਵੇਸ਼ ਪੂਰਨ ਇਨਸਾਨ ਸੂਰਤ ਸਚਮੁਚ ਹੀ ਸੰਤੁਲਨ ਜੀਵਨ ਦਾ ਆਧਾਰ ਹੁੰਦੀ ਤਾਂ ਗੁਰੂ ਕੁਲ ਵਿਚ ਹੀ ਗੁਰੂ ਦਾ, ਗੁਰਗੱਦੀ ਦਾ ਵਿਰੋਧ ਕਰਨ ਵਾਲਾ, ਬੀੜ ਮੰਗਣ ਗਿਆਂ ਨੂੰ ਇਹ ਕਹਿ ਕੇ ਮੋੜ ਦੇਣ ਵਾਲਾ ਕਿ ਜੇ ਉਹ ਇਡਾ ਵੱਡਾ ਹੀ ਗੁਰੂ ਹੈ ਤਾਂ ਆਪੇ ਲਿਖ ਲਵੇ ਕਹਿਣ ਵਾਲਾ, ਸਿਖ ਸਰੂਪ ਵਿਚ ਸਿਖ ਰਾਜ ਦਾ ਕੋਈ ਪੱਤਣ ਕਰਵਾਣ ਵਾਲਾ, ਸ੍ਰੀ ਹਰਿਮੰਦਰ ਸਾਹਿਬ ਤੇ ਧਾਵੇ ਲਈ ਆਪਣੇ ਇੰਦਰਾ ਤਖਤ ਨੂੰ ਆਵਾਜਾਂ ਮਾਰ ਮਾਰ ਸੱਦਣ ਵਾਲਾ, ਸਿਖ ਸਰੂਪ ਵਿਚ ਹੋਕੇ ਭਾਰਤੀ ਫੌਜ ਵੱਲੋਂ ਪੁਲੀਸ ਵਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਧਾਵੇ ਵਿਚ ਸ਼ਾਮਲ ਹੋਣ ਵਾਲਾ, ਕੋਈ ਸਿਖ ਸਰੂਪ ਕੇ ਪੀ ਐਸ ਗਿਲ, ਕਿਸੇ

ਇਕ ਇਨਸਾਨ ਨੂੰ ਵੀ ਅਨਮਨੁੱਖੀ, ਅਕਿਹ, ਅਸਿਹ ਜਿਸਮਾਨੀ ਤਸ਼ੱਦਦ, ਟੌਰਚਰ ਕਰਕੇ ਮਾਰਨ ਵਾਲਾ, ਖਪਾ ਦੇਣ ਵਾਲਾ, ਇਨਾਮ ਲੈ ਜਾਣ ਵਾਲਾ ਸਿਖ ਸਰੂਪ ਕੋਈ ਪੁਲਸੀਆ, ਕੋਈ ਕਾਤਲ, ਜਾਬਰ ਬਿਅੰਤਾ ਅਤੇ ਨਿਹੰਗ ਪੂਲਾ ਨਾ ਪੈਦਾ ਹੁੰਦੇ। ਘੱਟੋਘੱਟ ਪੰਜਾਬ ਦੀ ਧਰਤੀ ਤੇ ਸਿਖ ਧਰਮ ਦਾ ਅਪਮਾਨ ਕਰਨ ਵਾਲਾ ਇਕ ਵੀ ਕੇਸਾਧਾਰੀ ਬਨਾਰਸ ਦਾ ਠਗ ਨਕਲੀ ਸੰਤ ਨਾ ਪੈਦਾ ਹੁੰਦਾ। ਨਾ ਕੋਈ ਕੇਸਾਧਾਰੀ ਕਿਸੇ ਦੂਜੇ ਕੇਸਾਧਾਰੀ ਦੇ ਕਿਸੇ ਅਵਗੁਣ ਨੂੰ ਹੀ ਚਿਤਾਰ ਸਕਣ ਵਾਲਾ ਹੁੰਦਾ। ਨਾ ਕਿਸੇ ਕੇਸਾਧਾਰੀ ਸਿਖ ਸਰੂਪ ਵਾਲੇ ਵਲੋਂ ਰਾਜ ਕਰਨ ਦੀ ਲਾਲਸਾ ਵਿਚ ਵਿਰੋਧੀ ਪਾਰਟੀ ਦੇ ਕਿਸੇ ਅਸਿਖ, ਨਾ ਕੇਸਾਧਾਰੀ ਤੋਂ ਆਪਣੀ ਸੱਚੀ ਝੂਠੀ ਨਿੰਦਾ ਅਤੇ ਆਪਣੇ ਵੱਲੋਂ ਰਾਜਸੀ ਵਿਰੋਧੀ ਦੀ ਸੱਚੀ ਝੂਠੀ ਨਿੰਦਾ ਦਾ ਖੁਦ ਹੀ ਰਾਹ ਅਖਤਿਆਰ ਕੀਤਾ ਹੁੰਦਾ। ਜਿਵੇਂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਵਿਚੋਂ ਦੋ, ਕੇਸਾਧਾਰੀ ਦਸਤਰਧਰਾ ਅਤੇ ਅੰਮ੍ਰਿਤ ਦਾਤ ਦਾ ਭਾਗੀ ਹੋਏ ਬਿਨਾਂ ਕੋਈ ਗੁਰੂ ਦਾ ਸਿਖ ਨਹੀਂ ਹੋ ਸਕਦਾ ਇਵੇਂ ਹੀ ਇਹ ਦੋ ਹੁੰਦਿਆਂ, ਬਾਕੀ ਗੁਰੂ ਹੁਕਮਾਂ ਵਿਚੋਂ, ਜਾਣੇ ਇਕ ਨੂੰ ਵੀ ਠੁਕਰਾਣ ਵਾਲਾ ਕੋਈ, ਗੁਰੂ ਦਾ ਸਿਖ ਰਹਿ ਨਹੀਂ ਸਕਦਾ।

ਕਿਸੇ ਦੁਨਿਆਵੀ ਸਿਖ ਜਾਂ ਅਸਿਖ ਸੰਸਥਾ ਨੂੰ ਅਧਿਕਾਰ ਨਹੀਂ ਹੈ ਕਿ ਉਹ ਗੁਰੂ ਹੁਕਮਾਂ ਨੂੰ ਠੁਕਰਾਕੇ, ਸਿਖੀ ਮਾਰਗ ਆਪਣੇ ਸੁਖਾਂ ਲਈ ਹਲਕਾ ਫੁਲਕਾ ਕਰ ਲਵੇ। ਕਿਸੇ ਦੁਨਿਆਵੀ ਸਿਖ ਸੰਸਥਾ ਨੇ ਜੇ ਕੁਝ ਗੁਰੂ ਹੁਕਮਾਂ ਨੂੰ ਗਿਣਾਕੇ ਉਨਾਂ ਦੀ ਪਾਲਣਾਂ, ਸਿਖ ਦੀ ਰਹਿਤ ਮਰਯਾਦਾ ਐਲਾਨਣਾਂ ਹੈ ਤਾਂ ਉਸ ਨੂੰ ਕੁਝ ਨਹੀਂ, ਗੁਰਬਾਣੀ ਵਿਚ ਦਰਜ ਸੱਭੇ ਗੁਰੂ ਹੁਕਮਾਂ ਦੀ ਖੋਜ ਕਰਕੇ, ਸੱਭਨਾਂ ਨੂੰ ਗਿਣਾਕੇ, ਸਿਖ ਦੀ ਪ੍ਰੀਭਾਸ਼ਾ ਅਤੇ ਰਹਿਤ ਮਰਯਾਦਾ ਐਲਾਨਣਾਂ ਜਾਂ ਹੁਣ ਤੱਕ ਗਿਣਾਏ ਕੁਝ ਗੁਰੂ ਹੁਕਮਾਂ ਵਿਚ ਕਿਸੇ ਹੱਦ ਬਾਕੀ ਸਿਖੀ ਜੀਵਨ ਦੇ ਮੂਲ ਥੰਮ, ਗੁਰੂ ਹੁਕਮਾਂ ਨੂੰ ਜੋੜਨਾਂ ਅਤੇ ਅੱਗੇ ਇਹ ਜਾਂ ਇਸ ਜਿਹਾ:

ਅਤੇ ਗੁਰਬਾਣੀ ਵਿਚ ਦਰਜ ਬਾਕੀ ਸਮੂਹ ਗੁਰੂ ਹੁਕਮਾਂ ਨੂੰ ਮੰਨਣ ਵਾਲਾ ਹੀ ਗੁਰੂ ਦਾ ਸਿਖ ਅਤੇ ਸਿਖ ਦੀ ਰਹਿਤ ਮਰਯਾਦਾ ਹੈ, ਦਰਜ ਕਰਨਾਂ ਹੀ ਗੁਰਸਿਖਾਂ ਦੀ ਬੁਧ ਬਬੇਕ ਕਾਰ ਹੋ ਸਕਦੀ ਹੈ।

ਯਾਦ ਰਹੇ ਕਿ ਯਹੂਦੀ ਅਤੇ ਇਸਾਈ ਧਰਮ ਮੁਤਾਬਕ, ਇਨਾਂ ਧਰਮਾਂ ਨੂੰ ਅਪਨਾਉਣ ਵਾਲਿਆਂ ਲਈ 10 ਕਰਨ ਅਤੇ ਨਾ ਕਰਨ ਵਾਲੇ ਜਰੂਰੀ ਮੂਲ ਉਪਦੇਸ਼ ਹਨ। ਇਹ ਦਸ ਉਪਦੇਸ਼, ਇਨਾਂ ਵੱਲੋਂ ਮੰਨੇ ਜਾਂਦੇ ਆਪਣੇ ਜਾਵੇ ਨਾਮ ਦੇ ਰੱਬ ਵੱਲੋਂ, ਇਕ ਤਖਤੀ ਤੇ ਲਿਖੇ, ਮੂਸੇ ਨੂੰ ਦਿੱਤੇ ਹੁੰਦੇ, ਦੱਸੇ ਜਾ ਰਹੇ ਹਨ।

ਪਹਿਲੇ ਸਤਿਗੁਰੂ ਨਾਨਕ ਤੋਂ ਚੱਲ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਤੱਕ ਆ, ਦਸ਼ਮੇਸ਼ ਪਿਤਾ ਵੱਲੋਂ ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਕੇ ਚੱਲਣ ਵਾਲਿਆਂ ਦਾ ਸੰਗਠਣ, ਗੁਰਬਾਣੀ ਵਿਚ ਦਰਜ ਇਕੋ ਇਸ ਪ੍ਰਭਾਸ਼ਾ ਮੁਤਾਬਕ ਖਾਲਸਾ ਪੰਥ ਪ੍ਰਗਟਾ ਦਿੱਤਾ ਗਿਆ।

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥**
**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥** (ਪੰਨਾ 654-655)

ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਣ ਵਾਲੇ ਹੋਣ ਕਰਕੇ ਹੀ ਗੁਰੂ ਵਲੋਂ ਸਿਰ ਮੰਗਣ ਉਤੇ, ਸਿਰ ਅਰਪਣ ਲਈ ਪੰਜ ਪਿਆਰੇ ਨਿਤਰੇ ਸਨ। ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਕੇ ਚੱਲਣ ਵਾਲੇ ਪ੍ਰਗਟਾਏ ਆਪਣੇ ਖਾਲਸੇ ਨੂੰ, ਖਾਲਸਾ ਪੰਥ ਨੂੰ ਦਸ਼ਮੇਸ਼ ਪਿਤਾ ਇਹ ਸੱਚਾ ਮਾਣ ਦੇ ਰਹੇ ਨੇ:

**ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥** (ਪਾ: 10 **ਸਰਬ ਲੋਹ**)

ਸਾਨੂੰ ਇਸ ਗੁਰੂ ਮਹਾਵਾਕ ਦੇ ਅਰਥ ਗੁਰਬਾਣੀ ਅਨੁਸਾਰ ਕੁਝ ਇਸ ਤਰਾਂ ਸਮਝ ਆਏ ਨੇ:

1) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਦਸ਼ਮੇਸ਼ ਪਿਤਾ ਵਲੋਂ ਖਾਲਸਾ ਪੰਥ ਨੂੰ ਹੁਕਮ ਅਨੁਸਾਰ, ਜਿਸ ਨੇ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਨੂੰ ਮੰਨਦਿਆਂ ਅਮਲੀ ਜੀਵਨ ਵਿਚ ਕਰਕੇ, ਆਪਣੇ ਗੁਰੂ, ਕਰਤਾ ਰੱਬ ਨਾਲ ਪ੍ਰਮ ਪਾ ਲਿਆ ਹੈ, ਗੁਰੂ ਆਸਰੇ ਆਪਣਾਂ ਪੁਰਾਣੇ ਕਰਮਾਂ ਦਾ ਸੱਭ ਲੇਖਾ ਜੋਖਾ, ਜਿਸ ਕੀਤਾ, ਉਸੇ ਅੱਗੇ ਰੱਖਕੇ ਸੁਰਖਰੂ ਕਰ ਲਿਆ ਹੈ, ਨਵੀਂ ਸ਼ੁਰੂਆਤ ਦੁਆਰਾਂ ਆਪਣੇ ਆਪਨ ਮੈ-ਮਨ ਸੂਖਮ ਨੂੰ **ਹਰਿ ਜੀ ਸੂਖਮੁ** ਨਾਲ, ਉਸ ਦੇ ਨਾਮ ਦੁਆਰਾ ਜੋੜਕੇ, **ਭਗਤਿ** ਨੂੰ ਜਾਣ ਲਿਆ ਹੈ ਅਤੇ ਭੌਤਕ ਸਰੀਰ ਵਿਚ ਆਪਣੇ ਮੈ-ਮਨ ਸੂਖਮ ਨੂੰ ਖਾਲਸ, ਪਵਿਤ੍ਰ, ਨਿਰਮਲ, ਖਾਲਸੇ ਕਰ ਲਿਆ ਹੈ, ਗੁਰੂ ਦਾ ਖਾਸ ਰੂਪ ਹਨ। ਇਸ ਖਾਲਸੇ ਵਿਚ ਗੁਰੂ- **ਹਰਿ ਜੀ ਸੂਖਮੁ** ਦਾ ਨਿਵਾਸ ਹੈ।

**ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥** (ਪੰਨਾ 1142)
**ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥**
**ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥** (ਪੰਨਾ 756)

ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥
ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥ (ਪੰਨਾ 775)
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥ (ਪੰਨਾ 783)
ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ (ਪੰਨਾ 1428)

2) ਜਿਸ ਨੂੰ ਗੁਰੂ ਨੇ ਸਮੇਂ ਦਾ ਕਰਮ ਨਿਸ਼ਾਨ ਵਿਖਾਕੇ, ਸ਼ਹਾਦਤ, ਸ਼ਹੀਦੀ ਜਾਂ ਅੰਤ ਤੱਕ ਇਸ ਕਰਮ ਨਿਸ਼ਾਨ-ਉਦੇਸ਼ ਲਈ ਅਡੋਲ, ਦਰਿੜ ਸੇਵਾ ਲੈਕੇ, ਆਪਣੇ ਖਾਲਸੇ ਕਰ ਲਿਆ ਹੈ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਪੰਨਾ 579-580)

ਇਸੇ ਲਿਖਤ 'ਸ਼ਤਾਬਦੀਆਂ ਸਮੇਂ ਕੌਮੀ ਜਜਬਿਆਂ ਦਾ ਹੋਇਆ ਘਾਣ' ਵਿਚ ਦਸ਼ਮੇਸ਼ ਗੁਰੂ ਦੇ ਇਸ ਫੁਰਮਾਨ ਅਤੇ ਇਸ ਦੇ ਇਹ ਅਰਥ ਪੜ੍ਹਨ ਨੂੰ ਮਿਲਦੇ ਹਨ:

"ਸਭ ਸਿੱਖਨ ਕੋ ਹੁਕਮ ਹੈ ਗੁਰੁ ਮਾਨਿਓ ਗ੍ਰੰਥ ।। ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ ।।
ਅੱਜ ਤੋਂ ਆਤਮਾਂ ਗ੍ਰੰਥ ਚ ਤੇ ਸਰੀਰ ਪੰਥ ਚ, "

ਸਰੀਰ ਨਾਸਵਾਨ। ਜੋ ਹੈ ਹੀ ਨਾਸਵਾਨ ਸਰੀਰ, ਉਸ ਨੂੰ ਗੁਰੂ ਵਲੋਂ ਆਪਣੇ ਪ੍ਰਗਟਾਏ, ਜੋ ਉਪਜਿਓ ਸੋ ਬਿਨਸਿ ਹੈ ਤੱਕ ਸਦਾ ਜੀਵਤ ਗੁਰਬਾਣੀ ਅਨੁਸਾਰ ਪੂਰਨ ਇਨਸਾਨੀ ਜੀਵਨ ਜਾਚ ਕਿਰਦਾਰ ਸੰਗਠਨ ਖਾਲਸ ਪੰਥ ਵਿਚ ਕੀਤਾ ਹੋਣਾਂ, ਨਹੀਂ ਹੋ ਸਕਦਾ। ਨਾ ਹੀ ਇਸ ਗੁਰਮਤਿ ਸੱਚ ਦੇ ਉਲਟ ਕਿਤੇ ਦਸ਼ਮੇਸ਼ ਗੁਰੂ ਦਾ ਕੋਈ ਬਖਿਆਨ ਹੀ ਮਿਲਿਆ ਹੈ। ਹਾਂ ਗੁਰੂ ਭਾਏ ਖਾਲਸੇ ਨੂੰ, ਖਾਲਸਾ ਪੰਥ ਨੂੰ ਦਸ਼ਮੇਸ਼ ਪਿਤਾ ਆਪਣਾਂ ਪਿੰਡ ਪੁਰਾਣ ਅਤੇ ਦੇਹ ਸਾਹ ਕਹਿਕੇ ਵੀ ਨਿਵਾਜਿਆ ਹੈ:

ਖਾਲਸਾ ਮੇਰੋ ਪਿੰਡ ਪੁਰਾਨ।। ਖਾਲਸਾ ਮੇਰੀ ਜਾਨ ਕੀ ਜਾਨ ।।
ਖਾਲਸਾ ਮੇਰੋ ਕਰੇ ਨਿਰਬਾਹ ।। ਖਾਲਸਾ ਮੇਰੋ ਦੇਹ ਅਰ ਸਾਹ ।। (ਪਾ: 10 ਸਰਬ ਲੋਹ)

ਹਰਫ ਪਿੰਡ ਪੁਰਾਣ ਕੁਝ ਵਾਰ ਅਤੇ ਜੀਉ ਪਿੰਡ ਅਣਗਿਣਤ ਵਾਰ ਗੁਰਬਾਣੀ ਵਿਚ ਆਉਂਦੇ ਮਿਲਦੇ ਹਨ। ਇਥੇ ਇਸ਼ਾਰੇ ਮਾਤਰ ਗੁਰੂ ਫੁਰਮਾਨ:

ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥ ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥ (ਪੰਨਾ 477)
ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ ਏਕ ਸੰਚੀ ਤਜਿ ਬਾਪ ਮਹਤਾਰੀ ॥
ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ ॥ (ਪੰਨਾ 1004)
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥ (ਪੰਨਾ 1128)
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ (ਪੰਨਾ 1136)
ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥ ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥ (ਪੰਨਾ 1181)
ਜੀਉ ਪਿੰਡੁ ਸਭੁ ਹਰਿ ਕਾ ਮਾਲੁ ॥ ਨਾਨਕ ਗੁਰ ਮਿਲਿ ਭਏ ਨਿਹਾਲ ॥(ਪੰਨਾ 374)
ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥
ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥ (ਪੰਨਾ 619-620)
ਜੀਉ ਪਿੰਡੁ ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ ॥
ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥ (ਪੰਨਾ 1417)
ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥ (ਪੰਨਾ 1420)

1) ਇਕ ਪਿੰਡ ਇਹ ਭੌਤਕ ਸਰੀਰ ਹੈ। ਜਿਸ ਨੂੰ ਚਲਦਾ ਰੱਖਣ ਲਈ ਊਰਜਾ, ਸ਼ਕਤੀ ਸੋਮਾਂ ਖਾਣਾਂ ਹੈ ਅਤੇ ਜਿਸ ਦੇ ਪ੍ਰਾਣ ਹਵਾ ਵਿਚ ਆਕਸੀਜਨ ਹੈ। ਜੀਉ ਹਰਫ ਦੇ ਅਰਥ ਵੀ ਜਾਨ, ਪਰਾਣ ਹੀ ਹਨ। ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨ ਕੇ ਤੁਰੇ ਸਿਖ

ਵੱਲੋਂ ਅਪਣਾਂ ਪਿੰਡ ਪਰਾਨ, ਜੀਉ ਪਿੰਡ, ਸਰੀਰ ਸਾਹ ਸਭ ਗੁਰੂ ਦੀ ਇਮਾਨਤ ਕੀਤਾ ਹੁੰਦਾ ਹੈ। ਗੁਰੂ ਆਪਣੇ ਇਸ ਖਾਲਸੇ ਵਲੋਂ, ਖਾਲਸਾ ਪੰਥ ਵੱਲੋਂ ਗੁਰੂ ਹਵਾਲੇ ਕੀਤੇ ਆਪਣੇ ਪਿੰਡ ਪਰਾਨ, ਜੀਉ ਪਿੰਡ, ਦੇਹ ਸਾਹ ਨੂੰ ਆਪਣਾ ਪਿੰਡ ਪਰਾਨ, ਜੀਉ ਪਿੰਡ, ਦੇਹ ਸਾਹ ਹੋਣ ਦੇ ਸਚ ਨਾਲ ਨਿਵਾਜ ਰਹੇ ਨੇ। ਇਸ ਭੌਤਕ ਸਰੀਰ ਵਿਚ ਹੀ ਅਦਿਸ ਨਿਰਾਕਾਰ **ਹਰਿ ਜੀ ਸੂਖਮੁ** ਸਰੀਰ ਦਾ ਜ਼ਿਕਰ ਉਪਰ ਕਰ ਹੀ ਆਏ ਹਾਂ।

2) ਜਿਵੇਂ ਗੁਰੂ, ਕਰਤਾ ਪੁਰਖ ਦਾ ਭੌਤਕ ਸਰੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਸ ਵਿਚ ਸ਼ਬਦ ਗੁਰੂ, ਕਰਤੇ ਦੀ ਬਾਣੀ ਅਤੇ ਬਾਣੀ ਵਿਚ ਗੁਰੂ, ਕਰਤੇ ਦੇ **ਹਰਿ ਜੀ ਸੂਖਮੁ** ਸਰੀਰ ਨੂੰ ਗੁਰੂ ਨੇ ਆਪਣਾਂ ਰੂਪ ਐਲਾਨਿਆ ਹੈ ਇਵੇਂ ਹੀ ਇਥੇ ਭੌਤਕ ਸਰੀਰ ਵਿਚ ਆਖਰੀ ਦਸਵੇਂ ਨਾਨਕ, ਆਪਣੇ ਜਿਮੇਂ ਕਰਤੇ ਦੇ ਹੁਕਮ ਦੀ ਪੂਰਤੀ, ਉਸ ਦੀ ਬੁਧ ਦੇ ਧਰਮ, ਸਿਖ ਧਰਮ ਅਤੇ ਇਸ ਨੂੰ ਅਪਣਾਕੇ ਦੁਨੀਆਂ ਤੇ ਚੱਲਣ ਵਾਲੇ ਖਾਲਸਾ ਪੰਥ ਨੂੰ ਪ੍ਰਗਟਾਕੇ ਸੰਪੂਰਨ ਕਰਨ ਵਾਲੇ ਆਖਰੀ ਹੋਣ ਨਾਤੇ ਆਪਣੀ ਸੰਤਾਨ, ਆਪਣੇ ਵਾਰਸ ਖਾਲਸਾ ਪੰਥ ਨੂੰ ਆਪਣਾ ਭੌਤਕ ਸਰੀਰ ਅਤੇ ਇਸ ਭੌਤਕ ਸਰੀਰ ਵਿਚ ਗੁਰੂ -ਕਰਤੇ **ਹਰਿ ਜੀ ਸੂਖਮੁ** ਸਰੀਰ ਨੂੰ ਖਾਲਸੇ ਦੇ ਸਾਹ ਐਲਾਨ ਰਹੇ ਨੇ।

ਇਹ ਇਸਾਈ ਹਨ ਜਿਨਾਂ ਦੇ ਚਰਚ ਵਿਚ ਐਤਵਾਰ ਦੇ ਦੀਵਾਨ, ਕਿਸੇ ਧਾਰਮਕ ਜਾਂ ਪਰਵਾਰਕ ਇਕੱਠ ਸਮੇਂ ਪਾਦਰੀ ਆਪਣੇ ਗੁਰੂ ਈਸਾ ਮਸੀਹ ਦੇ ਮੂੰਹੋਂ ਇਨਾਂ ਸ਼ਬਦਾਂ ਦਾ ਉਚਾਰਨ ਹੋਇਆ ਦਸਦਾ ਹੈ ਕਿ ਉਸ ਦੇ ਸੰਸਾਰੋਂ ਜਾਣ ਮਗਰੋਂ ਸ਼ਰਾਬ (ਅੰਗੂਰਾਂ ਤੋਂ ਬਣੀ) ਉਸ ਦਾ ਲਹੂ ਹੈ ਅਤੇ Hostie ( ਆਟੇ ਤੋਂ ਤਿਆਰ ਮੂੰਹ ਵਿਚ ਪੈ ਸਕਣ ਵਾਲਾ ਛੋਟਾ ਜਿਹਾ ਪਾਪੜ, ਅੰਗਰੇਜੀ ਵਿਚ Host) ਉਸਦਾ ਸਰੀਰ ਹੈ। ਦੀਵਾਨ ਦੀ ਸਮਾਪਤੀ ਉਪਰੰਤ, ਹੋਇਓ ਇਸਾਈ ਆਪਣੇ ਪਾਦਰੀ ਦੇ ਅੱਗੇ ਇਕ ਲਾਇਨ ਵਿਚ ਖੜ੍ਹਦੇ ਹਨ ਅਤੇ ਪਾਦਰੀ ਸ਼ਰਾਬ ਦੇ ਪਿਆਲੇ ਵਿਚ ਹੌਸਟੀ ਡੋਬਕੇ ਇਕ ਤਰਾਂ ਈਸਾ ਮਸੀਹ ਦੇ ਲਹੂ ਅਤੇ ਮਾਸ ਸਰੀਰ ਦਾ ਪ੍ਰਸ਼ਾਦ ਉਨਾਂ ਦੇ ਮੂੰਹ ਵਿਚ ਪਾ ਰਿਹਾ ਹੁੰਦਾ ਹੈ।

ਆਤਮਾਂ ਵਾਰੇ ਵਗਿਆਨ ਦਾ ਹੁਣ ਤੱਕ ਕਿਹਾ ਅਤੇ ਗੁਰਬਾਣੀ ਦੇ ਇਸ ਵਾਰੇ ਵਿਆਖਿਆ ਨੂੰ ਜਾਣ ਹੀ ਜਾਵਾਂਗੇ ਜਦੋਂ ਆਪਾਂ ਗੁਰੂ ਆਸਰੇ ਗੁਰਬਾਣੀ ਵਿਚ ਦਰਜ ਗੁਰੂ ਕਰਤਾ ਦੇ ਸੱਚ ਨੂੰ ਅਸਲ ਸ਼ੁਰੂਆਤ ਤੋਂ ਹੁਣ ਤੱਕ ਕਲਮਬੰਦ ਕਰਕੇ ਮਾਨਸ ਦੀ ਇਕ ਜਾਤ ਸੰਸਾਰ ਭਾਈਚਾਰੇ ਨਾਲ ਸਾਂਝਾ ਕਰ ਰਹੇ ਹੋਵਾਂਗੇ ਜਾਂ ਇਸ ਤੋਂ ਪਹਿਲੋਂ ਹੀ ਪ੍ਰੋ ਗੁਰਨਾਮ ਸਿੰਘ ਮੁਕਤਸਰ ਦੇ ਲੇਖ **'ਸਿਖ ਧਰਮ ਦੀਆਂ ਲਾਜਵਾਬ, ਪਰੰਪਰਾਵਾਂ ਤੇ ਬੰਦੇ ਦੀ ਬੇਮੁਖੀ'** ਦੇਸ ਪੰਜਾਬ- ਅੰਕ ਦਸੰਬਰ 2006 ਦੇ ਗੁਰਬਾਣੀ ਤੇ ਹੋਈ ਵਿਚਾਰ ਖੋਜ ਦੇ ਅਧਾਰ ਤੇ ਦਿੱਤੇ ਜਵਾਬ ਵਿਚ। ਇਸ ਲਿਖਤ ਵਿਚ ਇਸ ਵੱਲੋਂ ਆਤਮਾਂ ਦੀ ਹੋਂਦ ਨੂੰ ਰੱਦ, ਗੁਰਬਾਣੀ ਅਨੁਸਾਰ ਐਲਾਨਦੇ, ਹੁਣ ਤੱਕ ਆਤਮਾਂ ਅਤੇ ਇਸ ਦਾ ਸਬੰਧ ਕਰਤਾ ਰੱਬ ਨਾਲ ਜੋੜਦੇ ਆਉਂਦੇ ਸਿਖਾਂ ਨੂੰ ਮਹਾਂ ਪਾਪੀ ਗਰਦਾਨਿਆਂ ਹੋਇਆ ਹੈ। ਗੁਰਬਾਣੀ ਵਿਚ ਆਏ ਕੁਲ 39 ਨਾਵਾਂ ਦਾ ਵਰਨਣ ਕਰਕੇ ਗੁਰਮਤਿ ਦੀ ਗਲਤ ਬਖਿਆਨੀ ਦੁਆਰਾ ਆਪਣੇ ਆਪਨੂੰ ਆਪਣਿਆਂ ਵਿਚ ਗੁਰਬਾਣੀ ਤੋਂ ਜਾਣੂੰ ਵਿਦਵਾਨ ਸਿਧ ਕਰਨ ਦਾ ਹਰ ਉਪਰਾਲਾ ਹੈ। ਜਿਸ ਵਿਚ ਹੀ ਇਹ ਸਿਖੀ ਸਰੂਪ ਵਿਚ ਸ਼ਖਸ਼ ਆਪਣੇ ਅਤਿ ਦੁਸ਼ਟ ਕਾਰੇ, ਇਕ ਕਰਤੇ ਦੀ ਬਾਣੀ ਇਕ ਪੂਰਨ ਇਕਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਅਲੱਗ ਕਰਕੇ, ਦਲਤਾਂ ਲਈ ਨਵੇਂ ਗ੍ਰੰਥ ਦੀ ਤਿਆਰੀ, ਆਪਣੇ ਲਈ ਕੋਈ ਰੱਬੀ ਪੈਗਾਮ ਐਲਾਨ ਰਿਹਾ ਹੈ। ਵਿਆਨਾਂ ਕਾਂਡ ਤਾਂ ਇਨਾਂ ਲਈ ਆਪਣੀ ਪਹਿਲੋਂ ਹੀ ਤਿਆਰ ਦੁਸ਼ਟਕਾਰ ਨੂੰ ਅਮਲ ਦੇ ਦੇਣ ਲਈ ਹੁਣ ਬਹਾਨਾਂ ਮਿਲਿਆ ਹੈ। ਇਸ ਸਿਖਰ ਦੁਸ਼ਟ ਕਾਰੇ ਦਾ ਐਲਾਨ ਇਸ ਦੇ ਆਪਣੇ ਇਨਾਂ ਅਤਿ ਕਾਲੇ ਲੇਖ ਹਰਫ ਵਿਚ:

**"ਕਿਸੇ ਨਵੇਂ ਮਾਰਗ ਦੀ ਵਿਚ ਭਰਮਣ ਕਰ ਰਹੀ ਹੈ ਰੂਹ, ਧੁਰ ਅੰਦਰੋਂ। ਅਤੇ ਕਬੀਰ ਦਾ ਮਾਰਗ ਅਵਘਟ ਘਾਟੀ ਹੈ ਜੋ ਸਥਾਈ ਹੈ। ਉਸ ਮਾਰਗ ਦੀ ਤਲਾਸ਼ ਵਿਚ ਨਿਕਲ ਪਿਆ ਹੈ ਇਹ ਬੰਦਾ ... ।"**

ਇਸ ਦੇ ਇਹ ਦੁਸ਼ਟ ਤੀਰ ਬੋਲ ਅਤੇ ਗੁਰਬਾਣੀ ਦੀ ਕੀਤੀ ਗਲਤ ਵਿਆਖਿਆ ਹੀ ਸੀ ਕਿ ਗੁਰੂ -ਕਰਤੇ ਨੇ ਇਸ ਦਾ ਅਤਿ ਦਰਦ ਇਸ ਪ੍ਰਾਣੀ ਨੂੰ ਮਹਿਸੂਸ ਕਰਵਾਇਆ ਸੀ, ਸ਼ਬਦ ਗੁਰੂ ਤੇ ਵਿਚਾਰ ਖੋਜ ਲਈ ਲਾਇਆ ਸੀ ਅਤੇ ਇਸ ਦੇ ਕੂੜ ਦਾ ਜਬਾਬ ਦੁਆਇਆ ਸੀ। ਇਸ ਵਿਚ ਇਸ ਨੂੰ ਸੋਚੇ ਦੁਸ਼ਟ ਕਾਰੇ ਦੇ ਖਿਆਲ ਨੂੰ ਤਿਆਗ ਦੇਣ ਦੀ ਸਲਾਹ ਵੀ ਸੀ। ਇਹ ਸਿਖ ਹੀ ਸਨ ਜਿਨਾਂ ਆਪਣੇ ਪੇਪਰ ਵਿਚ ਗੁਰੂ ਕਰਤੇ ਦੁਆਇਆ ਜਬਾਬ ਨਾ ਛਾਪਿਆ ਅਤੇ ਆਪਣੇ ਹੀ ਗੁਰੂ ਅਤੇ ਪੰਥ ਦਾ ਅਨਿਆਈ ਅਪਮਾਨ ਸਹਿ ਲਿਆ। ਮਗਰੋਂ ਇਸ ਨੂੰ ਪੰਦਰਾਂ ਵੀਹ ਕਿਤਾਬਾਂ ਲਿਖਣ ਵਾਲਾ ਭਾਰੀ ਵਿਦਵਾਨ ਅਤੇ ਰਸਾਲਾ ਕੱਢਣ ਵਾਲਿਆਂ ਚੋਂ ਰਿਹਾ ਮੋਹਰੀ ਹੋਣ ਦੇ ਸਤਿਕਾਰ ਨਾਲ ਨਿਵਾਜਕੇ, ਪੇਪਰ ਕੱਢਣਾਂ ਹੀ ਬੰਦ ਕਰ ਦਿੱਤਾ ਗਿਆ।

ਦਸ਼ਮੇਸ਼ ਪਿਤਾ ਵੱਲੋਂ ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਣ ਵਾਲੇ ਦੀ ਪਰਖ ਕਰਕੇ, ਪੂਰਨ ਰੂਪ ਤੰਦਰੁਸਤ ਆਪਣਾਂ ਭੌਤਕ ਤੇ ਸੂਖਮ ਸਰੀਰ ਖਾਲਸਾ, ਖਾਲਸਾ ਪੰਥ ਸਿਰਜਿਆ ਸੀ। ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਦੇ ਪਵਿਤ੍ਰ ਸਿਧਾਤਾਂ ਅਤੇ ਆਪਣੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੇ ਮਨਭਾਣੇ ਸਾਦ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਈਆਂ ਹੋਈਆਂ ਵੇਖ ਕੇ, ਬਣਦੇ ਸਿਖ ਕਿਰਦਾਰ ਅਨੁਸਾਰ ਕਿਸੇ ਇਕ ਸਿਖ ਵਲੋਂ, ਦੱਸਣ ਦੇ ਬਾਵਯੂਦ ਵੀ ਨਾ ਨਿਤਰ ਸਕਣਾਂ, ਗੁਰੂ ਦੇ ਜਰਮਨੀ ਵਿਚ ਭੌਤਿਕ ਸਰੀਰ ਖਾਲਸਾ ਪੰਥ ਦਾ ਇਨਾਂ ਬੀਮਾਰ ਹੋਣਾਂ ਸਿਧ ਕਰ ਜਾਣਾਂ ਹੈ ਕਿ ਉਹ ਬੇਹੋਸ਼ ਪਿਆ ਹੈ। ਜਿਸ ਨੂੰ ਜਾਂ ਪਤਾ ਨਹੀਂ ਕਿ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਈਆਂ ਹੋਣੀਆਂ, ਬਿਪਰਨ ਕਾਰ, ਸ਼ਬਦ ਗੁਰੂ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਹੈ ਜਾਂ ਇਹ ਜਾਣਦਾ ਹੋਏ ਵੀ ਇਨਾਂ ਕਮਜੋਰ ਕਿ ਕੋਈ ਆਵਾਜ ਕੱਢ ਸਕਣ ਤੱਕ ਅਸਮਰੱਥ ਹੈ। ਇਹ ਹੈ ਕਰਤਾ ਪੁਰਖ ਵੱਲੋਂ ਸਾਡੇ ਵਿਵਹਾਰ ਦੁਆਰਾ ਸਾਡੇ ਅੱਗੇ ਸਿੱਧ ਕਰ ਦੇਣਾਂ ਕਿ ਸਾਡੇ ਸਿਖੀ ਕਿਰਦਾਰ ਵਿਚ ਕੋਈ ਬਿਪਰਨ ਰੀਤ ਆ ਵੜੀ ਹੈ। ਜਿਸ ਕਰਕੇ ਗੁਰੂ ਵਲੋਂ ਸਾਡੇ ਤੋਂ ਆਪਣੇ ਤੇਜ ਪਰਤਾਪ ਦਾ ਹੱਥ ਉਠਾ ਲਿਆ ਹੈ।

ਇਥੇ ਮਨਭਾਣੇ ਸਾਦ, ਸ਼ਬਦ ਗੁਰੂ ਪ੍ਰਕਾਸ਼ ਹਾਲ ਵਿਚ ਦੋ ਸ਼ਹੀਦਾਂ ਦੀਆਂ ਤਸਵੀਰਾਂ ਲੱਗਾਣ ਵਾਲਾ ਆਪ ਅਤੇ ਇਥੇ ਆਇਆਂ ਨੂੰ ਤਸਵੀਰਾਂ ਵੱਲੇ, ਭਾਵ ਤਸਵੀਰਾਂ ਤੇ ਸ਼ਹੀਦਾਂ ਨੂੰ ਪਿਠ ਕਰ ਸੰਗਤ ਵਿਚ ਬਠਾਉਂਦਾ ਹੈ। ਵੇਖੋ, ਕਰਤੇ ਦਾ ਖੇਲ, ਉਹ ਇਹ ਹੀ ਸੱਚ ਕਿ ਸ਼ਬਦ ਗੁਰੂ ਦੇ ਹਾਲ ਵਿਚ, ਜੂਨ ਚੌਰਾਸੀ ਦੇ ਸ਼ਹੀਦਾਂ ਦੇ ਵੱਡੇ ਸਤਿਕਾਰੀ ਹੋਣ ਦੇ ਵਿਖਾਵੇ ਵਜੋਂ ਤਸਵੀਰਾਂ ਲਾਉਣ ਵਾਲਾ, ਉਸ ਦੇ ਸਾਥੀ ਅਤੇ ਇਥੇ ਸੰਗਤ ਵਿਚ ਹੁਣ ਤੱਕ ਬੈਠਣ ਵਾਲਿਆਂ ਅਤੇ ਸਟੇਜ ਤੋਂ ਸੰਗਤ ਨੂੰ ਮੁਖਾਤਬ ਹੋਣ ਵਾਲਿਆਂ ਵਿਚੋਂ ਅਨੇਕ, ਸੱਚ ਮੁੱਚ ਹੀ ਤਸਵੀਰਾਂ ਤੇ ਉਕਰੇ ਸ਼ਹੀਦਾਂ, ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਜੀ ਅਤੇ ਭਾਈ ਅਮਰੀਕ ਸਿੰਘ ਜੀ ਨੂੰ ਪਿੱਠ ਦੇਕੇ ਬਹਿ ਗਏ ਨੇ, ਇਨਾਂ ਦੇ ਆਪਣੇ ਮੂਹੋਂ ਹੀ ਕਹਾ ਕੇ ਸੱਭ ਦੇ ਸਾਹਮਣੇ ਕਰਾ ਰਹੇ ਨੇ।

ਸਬੂਤ: 'ਹਿੰਦੁਸਤਾਨ ਦੀ ਸਰਕਾਰ ਦੀ ਬੇਧਿਆਨੀ ਸਿਖਾਂ ਦੀ ਗੁਲਾਮੀ ਦਾ ਸਬੂਤ' ਸਰਲੇਖ (ਕੋਲਨ 26 ਅਕਤੂਬਰ- ਕਾਬਲ ਸਿੰਘ) ਹੇਠ ਇਕ ਬਿਆਨ ਰੋਜਾਨਾ ਸਪੋਕਸਮੈਨ ਵਿਚ ਛਪਦਾ ਹੈ। ਜਿਸ ਵਿਚ ਕੁਝ ਮੰਗਾਂ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ ਜਥੇ ਭੇਜੇ ਜਾ ਰਹੇ ਹੋਣ ਦਾ ਜ਼ਿਕਰ ਹੈ। ਇਸ ਵਿਚੋਂ ਕੁਝ ਹੂਬਹੂ:

" ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ ਸਿਖਾਂ ਦੀਆਂ ਹੱਕੀ ਮੰਗਾਂ ਵਾਸਤੇ ----ਭਾਰਤੀ ਕੌਂਸਲੇਟ ਫਰੰਕਫਰਟ ਵਿਖੇ ਕਾਲੇ ਕੱਪੜੇ ਪਾਕੇ ਰੋਸ ਧਰਨਾਂ ਦਿੱਤਾ ਜਾਵੇਗਾ।

ਅਸੀਂ ਆਪਣੇ ਇਨਸਾਫ ਪਸੰਦ ਅਤੇ ਜਾਗਦੀ ਜਮੀਰ ਵਾਲੇ ਭੈਣ ਭਰਾਵਾਂ ਨੂੰ ਅਪੀਲ ਕਰਦੇ ਹਾਂ ਕਿ ਇਨਾਂ ਹੱਕੀ ਮੰਗਾਂ ਵਾਸਤੇ ਸ਼੍ਰੋਮਣੀ ਅਕਾਲੀ ਦਲ ਪੰਚ ਪਰਧਾਨੀ ਨੂੰ ਸਹਿਯੋਗ ਦੇਣ ਤੇ ਹਿੰਦੋਸਤਾਨ ਦੀ ਸਰਕਾਰ ਤੇ ਦਬਾਅ ਪਾਉਣ ਕਿ ਉਹ ਸਿਖ ਕੌਮ ਨਾਲ ਇਨਸਾਫ ਕਰੇ ਤੇ ਆਜਾਦੀ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰੇ। "

ਇਸ ਦਾ ਭਾਵ ਤੁਹਾਡਾ ਇਹ ਐਲਾਨ ਹੈ ਕਿ ਤੁਸੀਂ ਬਿਪਰਨ ਤਖਤ ਵੱਲੋਂ ਜੂਨ ਚੌਰਾਸੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਬੋਲੇ ਫ਼ੌਜੀ ਧਾਵੇ ਨੂੰ, ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੀ ਰਾਖੀ ਲਈ ਬਿਪਰਨ ਦਿੱਲੀ ਤਖਤ ਦੀਆਂ ਚੜ੍ਹ ਆਈਆਂ ਫੌਜਾਂ ਨਾਲ ਲੋਹਾ ਖੜਕਾਉਂਦਿਆਂ, ਆਪਣੇ ਹਰਿ ਕੇ ਦੁਆਰ, ਆਪਣੀਆਂ ਅਦਭੁਤ ਲਾਸਾਨੀ ਸ਼ਹੀਦੀਆਂ, ਸ਼ਹਾਦਤਾਂ ਦੁਆਰਾ ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਧਰੀ ਨੀਂਹ ਨੂੰ, ਇਸ ਉਤੇ ਪੰਥ ਲਈ ਆਜਾਦ ਦੇਸ਼ ਦੀ ਉਸਾਰੀ ਦੇ ਪੰਥ ਲਈ ਹੁਕਮਨਾਮੇ ਨੂੰ, ਗੁਰੂ ਦੇ ਹੁਕਮੀਂ, ਕਰਤੇ ਦੇ ਹੁਕਮੀਂ, ਇਹ ਹੁਕਮਨਾਮਾਂ ਖਾਲਸਾ ਪੰਥ ਲਈ ਜਾਰੀ ਕਰਨ ਵਾਲੇ ਸ਼ਹੀਦਾਂ ਸੰਤ ਜਰਨੈਲ ਸਿੰਘ ਖਾਲਸਾ, ਸ਼ਹੀਦ ਭਾਈ ਅਮਰੀਕ ਸਿੰਘ, ਉਨਾਂ ਦੇ ਸਮੂਹ ਸ਼ਹੀਦ ਸਾਥੀਆਂ ਨੂੰ ਅਤੇ ਖਾਲਸੇ ਦੇ ਦੇਸ਼ ਦੀ ਉਸਾਰੀ ਲਈ ਹੁਣ ਤੱਕ ਸਿਰ ਵਾਰਨ ਵਾਲੇ ਸੂਰੇ ਸ਼ਹੀਦਾਂ ਨੂੰ ਵਿਸਾਰ ਚੁੱਕੇ ਹੋ। ਤੁਸਾਂ ਦੀਆਂ ਕੁਝ ਮੰਗਾਂ ਹਨ। ਜੋ ਮੰਨਵਾਕੇ ਅਤੇ ਅਜ਼ਾਦੀ ਵੇਲੇ ਦੇ ਵਾਆਦੇ ਬਿਪਰਨ ਨੂੰ ਸੁਣਾਕੇ, ਮੁੜ ਬਿਪਰਨ ਤਖਤ ਦੀ ਅਧੀਨਗੀ ਨੂੰ ਸਵਿਕਾਰ ਕਰਨ ਦਾ ਤੁਸਾਂ ਬਿਪਰਨ ਤਖਤ ਵੱਲ ਹੱਥ ਵਧਾ ਲਿਆ ਹੈ। ਤੁਸੀਂ ਅਤੇ ਤੁਸਾਂ ਨਾਲ, ਤੁਸਾਂ ਦੀਆਂ ਕੁਝ ਮੰਗਾਂ ਲਈ ਰੋਸ ਮੁਜਾਹਰੇ ਕਰਨ ਨਿਕਲਣ ਵਾਲੇ ਹੀ ਜਾਗਦੀਆਂ ਜਮੀਰਾਂ ਵਾਲੇ। ਭਾਵ ਚੋਰ ਦਰਵਾਜੇ ਤੁਸਾਂ ਐਲਾਨਣਾਂ ਕਿ ਜਿਨਾਂ ਸ਼ਹੀਦਾਂ ਦੀਆਂ ਤਸਵੀਰਾਂ ਸ਼ਬਦ ਗੁਰੂ ਹਾਲ ਵਿਚ ਉਹ ਅਤੇ ਇਨਾਂ ਕਹੇ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਲਈ ਕੁਰਬਾਨੀ ਕਰਨ ਵਾਲੇ ਅਤੇ ਸਿੱਖਾਂ ਲਈ ਆਜਾਦ ਦੇਸ਼ ਦੀ ਉਸਾਰੀ ਨੂੰ ਆਪਣੇ ਲਈ ਆਪਣੇ ਗੁਰੂ ਦਾ, ਕਰਤੇ ਦਾ ਹੁਕਮ, ਰਜਾ, ਭਾਣਾਂ ਜਾਣ ਚੱਲਣ ਵਾਲੇ ਸਭ ਸਿੰਘ ਸੂਰੇ ਗੁਰਸਿਖ, ਮਰੀਆਂ ਜਮੀਰਾਂ ਵਾਲੇ ਹਨ।

ਇਸ ਗੁਰੂ ਘਰ ਤਸਵੀਰਾਂ ਤੇ ਉਕਰੇ ਸ਼ਹੀਦਾਂ ਨੂੰ ਸੱਚ ਮੁਚ ਹੀ ਪਿੱਠ ਕਰੀ ਬੈਠਣ ਵਾਲੇ ਹੋਰ ਕੋਣ, ਦੀ ਪਹਿਚਾਣ ਗੁਰੂ ਮਹਾਰਾਜ ਉਨਾਂ ਦੁਆਰਾ ਹੀ ਜੂਨ ਚੌਰਾਸੀ ਦੀ 25ਵੀਂ ਬਰਸੀ ਸਮੇਂ ਰੱਖੇ ਮੁਜਾਹਰੇ ਦੀ ਖਬਰ ਵਿਚ ਇਨਾਂ ਬੋਲਾਂ ਨਾਲ ਕਰਵਾ

ਰਹੇ ਨੇ ਕਿ ਭਾਰਤੀ ਸਰਕਾਰ ਸ੍ਰੀ ਹਰਿਮੰਦਰ ਸਾਹਿਬ ਤੇ ਬੋਲੇ ਧਾਵੇ ਦੀ ਮੁਆਫੀ ਮੰਗੇ। ਭਾਵ ਉਹ ਇਸ ਬਦਲੇ ਆਪਣੇ ਲਈ ਬਿਪਰਨ ਤਖਤ ਦੀ ਗੁਲਾਮੀ ਨੂੰ ਸਵਿਕਾਰ ਕਰਦੇ ਨੇ। ਇਸ ਸਮੇਂ ਖਾਲਸੇ ਦੇ ਦੇਸ਼ ਦੀ ਆਜਾਦੀ ਤੱਕ ਸੰਘਰਸ਼ ਜਾਰੀ ਰੱਖਣ ਦੇ ਐਲਾਨ ਕਰਨ ਵਾਲੇ, ਇਸ ਮੰਜ਼ਿਲ ਲਈ ਕਿੰਨੇ ਕੁ ਅਡੋਲ ਅਤੇ ਦਰਿੜ ਹਨ, ਜੋ ਉਹ ਇਸੇ ਮੰਜ਼ਿਲ ਨੂੰ ਰੱਦ ਕਰਨ ਵਾਲਿਆਂ ਨਾਲ ਇਕ ਸਟੇਜ ਤੋਂ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਮੁਜਾਹਰਾ ਕਰ ਰਹੇ ਨੇ, ਉਹ ਜਾਂ ਗੁਰੂ ਮਹਾਰਾਜ ਹੀ ਜਾਣਦੇ ਹੋ ਸਕਦੇ ਨੇ।

ਤਸਵੀਰਾਂ ਤੇ ਉਕਰੇ ਸ਼ਹੀਦਾਂ, ਇਨਾਂ ਦੁਆਰਾ ਖਾਲਸਾ ਪੰਥ ਦੀ ਮੰਜ਼ਿਲ, ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਅਤੇ ਇਸ ਦੀ ਪੂਰਤੀ ਲਈ ਲੱਗ ਚੁੱਕੇ ਹੁਣ ਤੱਕ ਹਜਾਰਾਂ ਹੀ ਸੂਰੇ ਸਿਰਾਂ ਨੂੰ ਵਿਸਾਰਕੇ, ਗੁਰੂ ਘਰ ਫਰੰਕਫਰਟ ਸੰਗਤ ਵਿਚ ਸੱਚ ਮੁਚ ਹੀ ਪਿੱਠ ਕਰੀ ਬੈਠਣ ਵਾਲੇ ਹੋਰ ਕੋਣ, ਖੁਦ ਹੀ ਹੋਰ ਲਕੋ ਨਾ ਰੱਖਦੇ ਇਹ ਸਵਿਕਾਰ ਕਰ ਰਹੇ ਨੇ। ਸ਼ਬਦ ਗੁਰੂ ਦੇ ਤਿੰਨ ਸੌ ਸਾਲਾ ਗੁਰਗੱਦੀ ਮਨਾਉਣ ਆਈਆਂ ਜਰਮਨੀ ਦੀਆਂ ਅਠਾਰਾਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਧਿਰਾਂ ਚੋਂ ਇਕ ਵੀਰ ਸਪਸ਼ਟ ਕਰ ਰਿਹਾ ਹੈ ਕਿ ਉਨਾਂ ਨੂੰ ਤਾਂ ਭਾਰਤ ਦੇਸ਼ ਪਿਆਰਾ, ਇਸ ਦੇ ਸੰਘਾਸਨ ਤੇ ਬਿਰਾਜਮਾਨ ਪੰਥ ਧ੍ਰੋਹੀ ਬਿਪਰਨ ਦੀ ਗੁਲਾਮੀ ਸਵੀਕਾਰ, ਬਸ ਉਹ ਤਾਂ ਆਜਾਦੀ ਚੋਂ ਕੋਈ ਹਿੱਸਾ ਚਾਹੁੰਦੇ ਹਨ। ਵੇਖੋ, mediapunjab.com ਵਿਚ ਪੰਦਰਾਂ ਅਗਸਤ ਉਤੇ, ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਲਈ ਇਕ ਸਿਦਕੀ ਸ਼ਹੀਦ ਭਾਈ ਦੇ ਇਕ ਵੀਰ ਦਾ ਛਪਿਆ ਵਿਸ਼ੇਸ਼ ਲੇਖ।

ਜੂਨ 2008 ਤੋਂ ਹੁਣ ਤੱਕ ਫਰੰਕਫਰਟ ਸਿਖ ਸੈਂਟਰ ਆਏ ਸਿੰਘੋ, ਰਾਗੀਓ, ਢਾਡੀਓ, ਕਥਾਵਾਚਕੋ, ਧਾਰਮਕ, ਰਾਜਨੀਤਕ ਬੁਲਾਰਿਓ, ਸਿਖ ਧਰਮ ਤੇ ਕੌਮ ਲਈ ਵਿਸ਼ੇਸ਼ ਸੇਵਾਵਾਂ ਬਦਲੇ ਸਨਮਾਨਤ ਕਰਨ ਅਤੇ ਹੋਣ ਵਾਲਿਓ ਅਤੇ ਸੰਗਤੋਂ ਇਹ ਗੁਰਮਤਿ ਸੱਚ ਹੈ ਕਿ ਜਿਥੇ ਸ਼ਬਦ ਗੁਰੂ ਦਾ ਪ੍ਰਕਾਸ਼, ਉਸ ਹਾਲ ਵਿਚ, ਇਸ ਹਾਲ ਦੇ ਦਰਵਾਜੇ, ਇਸ ਦਰਵਾਜੇ ਨੂੰ ਆਉਂਦੇ ਰਸਤੇ ਸਾਹਮਣੇ ਦੀਵਾਰ ਜਾਂ ਦਰਵਾਜੇ ਤੇ ਕੋਈ ਤਸਵੀਰ ਨਹੀਂ ਹੋ ਸਕਦੀ, ਕੋਈ ਬੁਤ ਨਹੀਂ ਹੋ ਸਕਦਾ, ਜਾਣਦੇ ਹੋਏ ਵੀ ਸ਼ਬਦ ਗੁਰੂ ਦੇ, ਸ਼ਹੀਦਾਂ ਦੇ ਘੋਰ ਅਪਮਾਨ ਨੂੰ ਵੇਖ ਬਰਦਾਸ਼ਤ ਕਰ ਲੈਣ ਅਤੇ ਇਸ ਨੂੰ ਰੋਕਣ ਦੀ ਬਜਾਏ ਖਾਮੋਸ਼ ਰਹਿਕੇ ਮਾਣਤਾ ਦੇ ਦੇਣ ਨਾਲ ਤੁਸਾਂ ਆਪਨੂੰ ਵੀ ਗੁਰੂ ਹੁਕਮਾਂ ਦੇ ਉਲਟ ਬਿਪਰਨ ਰੀਤ ਵਿਚ ਸ਼ਾਮਲ ਕਰ ਲਿਆ ਹੈ।

ਜਦ ਕਿ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲੱਗੀਆਂ ਤਸਵੀਰਾਂ ਵੇਖਕੇ ਬਣਦਾ ਸਿਖ ਕਿਰਦਾਰ ਇਹ ਹੀ ਸੀ ਕਿ ਜੇ ਆਪਣੇ ਹੀ ਗੁਰੂ ਹੁਕਮਾਂ ਦੇ ਉਲਟ ਕਾਰ, ਮਨਭਾਣਾਂ ਸਾਦ ਜਾਣੇ ਅਣਜਾਣੇ ਇਕ ਤੋਂ ਹੋ ਹੀ ਗਿਆ ਸੀ ਤਾਂ ਕਮੇਟੀ ਮੈਂਬਰਾਂ ਵਿਚੋਂ ਵੀ ਕੋਈ ਨਿਤਰਦਾ। ਜੋ ਆਪਣੇ ਸਾਥੀ ਦੁਅਰਾ ਸਾਂਝੇ ਸ਼ਬਦ ਗੁਰੂ ਦੇ, ਸਿਖ ਧਰਮ ਦੇ ਪਵਿਤ੍ਰ ਸਿਧਾਤਾਂ ਅਤੇ ਆਪਣੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੇ ਮਨਭਾਣੇ ਸਾਦ ਨੂੰ ਖਤਮ ਕਰਵਾਕੇ ਹੀ ਕਮੇਟੀ ਦਾ ਪ੍ਰਧਾਨ ਰਹਿ ਸਕਣ ਜਾਂ ਕਮੇਟੀ ਵਿਚ ਰਹਿ ਸਕਣ ਦਾ ਸੰਗਤ ਵਿਚ ਹੋਕਾ ਦੇਂਦਾ। ਇਹ ਰਹਿ ਗਿਆ ਸੀ ਤਾਂ 18 ਗੁਰੂ ਘਰਾਂ ਦੇ ਪ੍ਰਬੰਧਕਾਂ ਵਿਚੋਂ, ਪੰਥਕ ਧਿਰਾਂ ਵਿਚੋਂ ਅਤੇ ਅੰਤ ਸੰਗਤ ਵਿਚੋਂ ਆਪਣੇ ਗੁਰੂ ਦਾ, ਆਪਣੇ ਧਰਮ ਦਾ ਅਤੇ ਆਪਣੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਕਾਰ ਦੇ ਖਾਤਮੇ ਲਈ ਨਿਤਰਦਾ। ਇਹ ਰਹਿ ਗਿਆ ਸੀ ਤਾਂ ਸਿਖ ਵਿਦਵਾਨ, ਪ੍ਰਚਾਰਕ ਤਬਕੇ ਚੋਂ ਹੀ ਗੁਰੂ ਹੁਕਮਾਂ ਦੇ ਉਲਟ ਇਹ ਕੁਕਰਮ ਕਰਨ ਵਾਲਿਆਂ ਦੇ ਕੋਈ ਅੱਗੇ ਖੜ੍ਹਦਾ ਸੱਚ ਸੁਣਾਉਂਦਾ ਕਿ ਜਦ ਤੱਕ ਇਥੇ ਇਹ ਕੁਕਰਮ ਹੈ, ਇਥੇ ਕੀਰਤਨ ਨਹੀਂ ਕਰ ਸਕਦੇ, ਇਥੇ ਢਾਡੀ, ਕਥਾਵਾਚਕ ਜਾਂ ਪੰਥਕ ਬੁਲਾਰੇ ਅਤੇ ਸਨਮਾਨਤ ਕਰਨ ਜਾਂ ਕਰਾਉਣ ਵਾਲੇ ਨਹੀਂ ਹੋ ਸਕਦੇ, ਇਥੇ ਠਹਿਰ ਨਹੀਂ ਸਕਦੇ ਜਾਂ ਦੋਬਾਰਾ ਕਦੇ ਇਥੇ ਪੈਰ ਨਹੀਂ ਧਰ ਸਕਦੇ, ਜਦ ਤੱਕ ਇਥੇ ਇਹ ਬਿਪਰਨ ਰੀਤ ਹੈ।

ਤੁਸਾਂ ਗੁਰੂ ਹੁਕਮਾਂ ਦੇ ਉਲਟ ਘੋਰ ਅਪਰਾਧ ਕਰਮ ਵਿਚ ਆਪਣੀ ਸ਼ਮੂਲੀਅਤ ਦੁਆਰਾ ਗੁਰੂ ਨਾਲ ਆਪਣੇ ਰਿਸ਼ਤੇ ਵਿਚ ਤਰੇੜਾਂ ਨਹੀਂ ਸਗੋਂ ਦਰਾੜਾਂ ਕਰ ਲਈਆਂ ਹਨ। ਵੀਰੋ ਇਹ ਗੁਰਬਾਣੀ ਦਾ ਸੱਚ ਹੈ, ਤੁਸਾਂ ਵੱਲੋਂ ਗੁਰੂ ਨਾਲ ਰਿਸ਼ਤੇ ਵਿਚ ਪਾ ਲਈਆਂ ਦਰਾਂੜਾਂ ਹੁਣ ਫਿਰ ਹੀ ਭਰਨੀਆਂ ਹਨ ਤੇ ਤੁਸਾਂ ਦੀ ਗੁਰੂ ਨਾਲ ਨਵੀਂ ਸ਼ੁਰੂਆਤ ਤਦ ਹੀ ਹੋ ਸਕਣੀ ਹੈ ਜਦੋਂ ਤੁਸੀਂ ਜਾਣੇ ਅਣਜਾਣੇ ਤੁਸਾਂ ਵਲੋਂ ਹੋਏ ਘੋਰ ਅਪਰਾਧ ਕਰਮ ਦਾ ਪਸ਼ਤਾਵਾ ਕਰਦੇ ਹੋਏ ਮੁਆਫੀ ਲਈ ਗੁਰੂ ਅੱਗੇ ਨਿਵ ਅਰਦਾਸ ਜੋਦੜੀ ਕਰ ਚੁੱਕੇ ਹੋਵੋਗੇ ਅਤੇ ਗੁਰੂ ਨੂੰ ਇਹ ਪ੍ਰਣ ਦੇ ਚੁੱਕੇ ਹੋਵੋਗੇ ਕਿ ਤੁਸੀਂ ਉਦ ਤਕ ਇਸ ਗੁਰੂ ਦੇ, ਸ਼ਹੀਦਾਂ ਦੇ ਘੋਰ ਅਪਮਾਨ ਘਰ ਪੈਰ ਨਹੀਂ ਧਰੋਗੇ ਜਦ ਤਕ ਇਥੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ, ਲੱਗੀਆਂ ਹੋਈਆਂ ਹਨ।

ਸੰਗਤੋ, ਜਦ ਤਕ ਗੁਰਦਵਾਰਾ ਸਿਖ ਸੈਂਟਰ ਫਰੰਕਫਰਟ, ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣ ਦੀ ਬਿਪਰਨ ਰੀਤ ਦਾ ਨੀਚ ਕੁਕਰਮ ਹੈ, ਉਦ ਤੱਕ ਇਹ ਗੁਰੂਘਰ ਨਹੀ ਹੈ, ਗੁਰੂ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਘਰ ਹੈ। ਇਥੇ ਜੇ ਕਿਸੇ ਸਿਖ ਦਾ ਗੁਰੂ ਅਨੁਸਾਰ ਆਉਣਾਂ ਬਣਦਾ ਹੈ ਤਾਂ ਇਨਾਂ ਪ੍ਰਬੰਧਕਾਂ ਨੂੰ ਆਖਰੀ ਵਾਰ ਇਹ ਸੱਚ ਸੁਣਾਉਣ ਆਉਣਾਂ ਕਿ ਜਦ ਤੱਕ ਇਥੇ

ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣ ਦੀ ਬਿਪਰਨ ਰੀਤ ਦੁਆਰਾ ਸਾਡੇ ਸ਼ਬਦ ਗੁਰੂ ਦਾ ਅਤੇ ਸ਼ਹੀਦਾਂ ਦਾ ਅਪਮਾਨ ਹੈ, ਇਥੇ ਪੈਰ ਨਹੀ ਧਰਨਗੇ। ਕਮੇਟੀ ਵਿਚ ਸੇਵਾਦਾਰ ਚੁਣੇ ਜਾਣ ਲਈ ਕਿਸੇ ਸਿਖ ਦਾ ਇਸ ਗੁਰੂ ਦੇ, ਸ਼ਹੀਦਾਂ ਦੇ ਅਪਮਾਨ ਘਰ ਆਉਣਾਂ ਗੁਰੂ ਨੂੰ ਤਦ ਹੀ ਮਨਜ਼ੂਰ ਹੈ ਜੇ ਇਹ ਗੁਰੂ ਨੂੰ ਪ੍ਰਣ ਦੇਕੇ ਆਇਆ ਗਿਆ ਹੋਵੇਗਾ ਕਿ ਜੇ ਉਹ ਕਮੇਟੀ ਵਿਚ ਸੇਵਾਦਾਰ ਚੁਣ ਹੁੰਦਾ ਹੈ ਤਾਂ ਬਿਨਾਂ ਦੇਰੀ ਤਸਵੀਰਾਂ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚੋਂ ਉਤਾਰਕੇ, ਕਿਸੇ ਹੋਰ ਸਹੀ ਬਣਦੀ ਸਤਿਕਾਰ ਵਾਲੀ ਜਗਾਹ ਤੇ ਲਾ, ਇਸ ਗੁਰੂ ਘਰ ਤੋਰੀ ਹੋਈ ਬਿਪਰਨ ਰੀਤ ਨੂੰ ਖਤਮ ਕਰੇਗਾ। ਸੰਗਤੋਂ ਇਸ ਤੋਂ ਸਿਵਾ ਇਥੇ ਪੈਰ ਧਰਨੇ, ਪ੍ਰਬੰਧਕਾਂ ਦੇ ਨੀਚ ਬਿਪਰਨ ਰੀਤ ਕੁਕਰਮ ਨਾਲ ਸਹਿਮਤੀ ਅਤੇ ਸ਼ਮੂਲੀਅਤ ਦੀ ਮੋਹਰ ਲੁਆ ਕੇ, ਇਥੋਂ ਦੇ ਪ੍ਰਬੰਧਕਾਂ ਵਾਂਗਰ, ਆਪਣੇ ਸਿਰ ਵੀ ਪਾਪਾਂ ਦੀ ਪੰਡ ਨੂੰ ਭਾਰੀ ਕਰੀ ਜਾਣਾਂ ਹੈ ਤੇ ਇਨਾਂ ਵਾਂਗਰ ਮਨਭਾਣੇ ਸਾਦ ਦੁਆਰਾ ਆਪਣੇ ਆਪਨੂੰ ਕਰਤੇ ਖਸਮ ਦੀ ਨਜ਼ਰ ਵਿਚ ਕੀੜੇ ਕਰੀ, ਆਪਣੇ ਲਈ ਵੀ ਜਿੰਦੇ ਹੀ ਜਮ ਜੂਨਾਂ ਦਾ ਨਰਕ ਫਲ, ਪੱਕਾ ਕਰ ਲੈਣਾਂ ਹੈ।

**ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥**

**ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥** (ਪੰਨਾ 1200)

**ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥** (ਪੰਨਾ 1380)

ਯਾਦ ਰਹੇ ਕਿ ਗੁਰਬਾਣੀ ਅਨੁਸਾਰ ਸਾਕਤ ਵਿਸ਼ੇ ਤੇ ਵਿਸਥਾਰ ਪਹਿਲੋਂ ਹੀ ਐਲਾਨਨਾਮੇ ਲਿਖਤ, **'ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ'** ਵਿਚ ਦਰਜ ਹੈ।

ਵੀਰ ਗੁਰਚਰਨ ਸਿੰਘ ਜੀ, ਤੁਸਾਂ ਦੇ ਬੋਲ ਹਨ ਕਿ ਭਾਰਤੀ ਅੰਬੈਸੀ ਦੇ ਕਿਸੇ ਕਰਿੰਦੇ ਜਾਂ ਕਿਸੇ ਹਿੰਦੂ ਸਾਧ ਦੇ ਕਹੇ ਪ੍ਰਕਾਸ਼ ਹਾਲ ਵਿਚੋਂ ਤਸਵੀਰਾਂ ਨਹੀਂ ਲਾਉਣੀਆਂ। ਯਾਦ ਰਹੇ ਕਿ 'ਸਰਵੋਤਮ ਧਰਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਧਰਮ ਖਾਲਸਾ ਪੰਥ' ਦੇ ਲਿਖਾਰੀ ਅਤੇ ਅੰਤ ਸਿਖ ਹੋਕੇ ਦੁਨੀਆਂ ਤੋਂ ਜਾਣ ਵਾਲੇ ਸਵਾਮੀ ਰਾਮ ਤੀਰਥ ਜੀ ਦੰਭੀ ਸਨਿਆਸੀ ਵੀ ਕਦੇ ਹਿੰਦੂ ਸਾਧ ਹੀ ਸਨ। ਜੇ ਕਿਸੇ ਹਿੰਦੂ ਸਾਧ ਨੂੰ ਅਤੇ ਭਾਰਤੀ ਅੰਬੈਸੀ ਦੇ ਕਰਿੰਦੇ ਨੂੰ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲੱਗੀਆਂ ਤਸਵੀਰਾਂ, ਗੁਰਮਤਿ ਦੇ ਇਸ ਸੱਚ ਦਾ ਗਿਆਨ ਹੋਣ ਕਰਕੇ ਇਥੇ ਲਾਈਆਂ ਸਹੀ ਨਾ ਲੱਗੀਆਂ ਕਿ ਜਿਥੇ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਉਥੇ ਕੋਈ ਤਸਵੀਰ ਨਹੀਂ ਹੋ ਸਕਦੀ ਤਾਂ ਦਾਸ ਇਸ ਹਿੰਦੂ ਸਾਧ ਅਤੇ ਭਾਰਤੀ ਅੰਬੈਸੀ ਦੇ ਇਸ ਕਰਿੰਦੇ ਪ੍ਰਾਣੀ ਨੂੰ, ਜੋ ਸਿਖ ਹੈ ਜਾਂ ਨਾ ਸਿਖ, ਸਤਿਕਾਰ ਵਜੋਂ ਸਿਰ ਨਿਵਾਂਦਾ ਹੈ ਜਿਨਾਂ ਨੂੰ ਗੁਰੂ ਨੇ ਆਪਣੇ ਘਰ, ਆਪਣਿਆਂ ਵਲੋਂ ਹੀ ਉਸ ਦਾ, ਉਸ ਦੇ ਸ਼ਹੀਦਾਂ ਦਾ ਅਪਮਾਨ ਬੰਦ ਕਰਨ ਲਈ, ਪ੍ਰਬੰਧਕਾਂ ਨੂੰ ਸੱਚ ਸੁਣਾ ਦੇਣ ਲਈ ਚੁਣਿਆਂ ਹੈ। ਜੇ ਭਾਰਤੀ ਅੰਬੈਸੀ ਦੇ ਕਿਸੇ ਕਰਿੰਦੇ ਨੂੰ ਜਾਂ ਹਿੰਦੂ ਸਾਧ ਨੂੰ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲੱਗੀਆਂ ਤਸਵੀਰਾਂ, ਭਾਰਤ ਦੇ ਬਿਪਰਨ ਤਖਤ ਤੋਂ ਬਗਾਵਤ ਕਰਕੇ, ਖਾਲਸੇ ਦੇ ਆਜਾਦ ਦੇਸ਼ ਦੀ ਨੀਂਹ ਰੱਖਣ ਵਾਲੇ ਸ਼ਹੀਦ ਸੂਰਿਆਂ ਦੀਆਂ ਹੋਣ ਕਰਕੇ, ਘਿਰਣਾਂ ਵਜੋਂ ਨਾ ਚੰਗੀਆਂ ਲੱਗੀਆਂ ਤਾਂ ਵੀ ਵੇਖ ਕਰਤਾ ਪੁਰਖ ਸਾਡੇ ਸਾਹਮਣੇ ਇਹ ਮਿਸਾਲ ਸੱਚ ਕਰ ਰਹੇ ਨੇ ਕਿ ਉਸ ਨੂੰ ਸਿਖ ਸਰੂਪ ਵਿਚ ਉਸ ਦਾ ਹੋਕੇ ਮਨਭਾਣੇ ਸਾਦਾਂ ਨਾਲ, ਉਸ ਦੀਆਂ ਨਜਰਾਂ ਵਿਚ ਕੀੜਾ ਕਰ ਲੈਣ ਵਾਲੇ ਨਾਲੋਂ ਆਪਣੇ ਅਤੇ ਆਪਣੇ ਸ਼ਹੀਦਾਂ ਦਾ ਕੋਈ ਨਿੰਦਕ ਚੰਗਾ ਜਾਣ ਰਹੇ ਨੇ ਅਤੇ ਉਸ ਦੁਆਰਾ ਸਿਖ ਸਰੂਪ ਵਿਚ ਕੀੜੇ ਕਰ ਲੈਣ ਵਾਲਿਆਂ ਨੂੰ ਉਸ ਦੀ ਬਾਣੀ ਸ਼ਬਦ ਗੁਰੂ ਦਾ ਅਤੇ ਉਸ ਦੇ ਸ਼ਹੀਦਾਂ ਦਾ ਅਪਮਾਨ, ਬੰਦ ਕਰ ਦੇਣ ਦਾ ਸੱਚ ਸੁਣਾ ਰਹੇ ਨੇ।

**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥** (ਪੰਨਾ 681)

ਵੀਰ ਆਪਣੇ ਮਨਭਾਣੇ ਸਾਦ ਨੂੰ ਬੰਦ ਕਰਨਾਂ, ਚੋਣਾਂ ਨਾਲ ਜੋੜਕੇ ਹੋਰ ਨਾ ਲਮਕਾ। ਦੋ ਵਾਰ ਹੋ ਹੀ ਗਈਆਂ ਸਨ। ਨਾਲੇ ਇਥੇ ਚੋਣਾਂ ਲੜਨ ਵਾਲਿਆਂ ਤੋਂ ਸਿਖੀ ਕਿਰਦਾਰ ਨੂੰ ਨਿਭਾਣ ਵਿਚ ਕੋਈ ਇਡੀ ਵੱਡੀ ਬਹਾਦਰੀ ਹੋ ਗਈ ਹੈ ਕਿ ਤੂੰ ਨਹੀਂ, ਮੈਂ ਪ੍ਰਬੰਧਕ, ਮੈਂ ਪ੍ਰਬੰਧਕ ਹੋ ਰਹੀ ਹੈ ਅਤੇ ਕੌਣ ਪ੍ਰਬੰਧਕ ਦਾ ਫੈਸਲਾ ਲੈਣ ਲਈ ਇਨਾਂ ਨੂੰ ਜਰਮਨ ਪੁਲੀਸ ਬਚੋਲੀ ਬਣਾਉਣੀ ਪੈ ਰਹੀ ਹੈ। ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਦੇ ਪਵਿਤ੍ਰ ਸਿਧਾਤਾਂ ਅਤੇ ਆਪਣੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੇ ਮਨਭਾਣੇ ਸਾਦ ਦੀ ਜਲਦੀ ਸੋਧ ਕਰਦੇ, ਦੋਨੋਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚੋਂ ਲਾਹਕੇ ਬਣਦੀ ਸਤਿਕਾਰ ਜਗਾਹ ਤੇ ਲਾ। ਇਨੀਂ ਦੇਰ ਨਾ ਕਰ ਕਿ ਸਿਰ ਪਾਪਾਂ ਦੀ ਪੰਡ ਇਨੀ ਭਾਰੀ ਹੋ ਜਾਵੇ ਕਿ ਲੱਥਣੀ ਹੀ ਅਸੰਭਵ ਹੋ ਜਾਵੇ। ਯਾਦ ਰੱਖੋ ਇਸ ਗੁਰੂ ਦੇ, ਸ਼ਹੀਦਾਂ ਦੇ ਘੋਰ ਅਪਮਾਨ ਘਰ ਦੇ ਪ੍ਰਬੰਧਕੋ ਕਿ ਤੁਸਾਂ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਪਤਾ ਨਹੀਂ ਕਦੋਂ ਦੀਆਂ ਤਸਵੀਰਾਂ ਲਾਕੇ ਸਿਖ ਧਰਮ ਦਾ ਗਲਤ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ। ਜਦ ਤੋਂ ਤਸਵੀਰਾਂ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਹਨ, ਉਦੋਂ ਤੋਂ ਇਥੇ ਆਉਂਦੇ ਵਦੇਸ਼ੀ ਮੂਲ ਅਤੇ ਜੁਬਾਨ ਦੇ ਲੋਕ, ਜਿਨਾਂ ਵਿਚ ਸ਼ਬਦ ਗੁਰੂ ਨੂੰ

ਤਿੰਨ ਸੌ ਸਾਲਾ ਗੁਰਗੱਦੀ ਦਿਵਸ ਸਮੇਂ ਆਏ ਵਦੇਸ਼ੀ ਮੂਲ ਅਤੇ ਜੁਬਾਨ ਦੇ ਲੋਕ ਵੀ ਸ਼ਾਮਲ ਹਨ, ਨੂੰ ਸਿਖ ਧਰਮ ਵਾਰੇ ਇਹ ਗਲਤ ਜਾਣਕਾਰੀ ਦੇਕੇ ਤੋਰਿਆ ਹੈ ਕਿ ਸਿਖਾਂ ਦਾ ਜਿਥੇ ਗੁਰੂ ਪ੍ਰਕਾਸ਼ ਹੈ, ਉਸ ਹਾਲ ਵਿਚ ਤਸਵੀਰਾਂ ਲੱਗੀਆਂ ਹੋ ਸਕਦੀਆਂ ਹਨ। ਇਸ ਤਰਾਂ ਮੂਰਤੀ ਪੂਜਾ ਦੇ ਅੱਤ ਖਿਲਾਫ ਸਿਖ ਧਰਮ ਨੂੰ ਉਨਾਂ ਦੀ ਨਜ਼ਰ ਵਿਚ ਮੂਰਤੀ ਪੂਜਕਾਂ ਦੇ ਨੇੜੇ ਜਾਂ ਉਨਾਂ ਦੀ ਕਿਤਾਰ ਵਿਚ ਖੜ੍ਹੇ ਹੋਣਾਂ, ਕਰਕੇ ਇਥੋਂ ਤੋਰਨ ਦਾ ਕੁਕਰਮ ਵੀ ਤੁਸਾਂ ਹੱਥੋਂ ਹੈ।

**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥** (ਪੰਨਾ 484)

ਦਾਸ ਭਾਈ ਰਜਿੰਦਰ ਸਿੰਘ ਬੱਬਰ, ਭਾਈ ਪ੍ਰਤਾਪ ਸਿੰਘ ਬੱਬਰ, ਰਾਮਪਾਲ ਸਿੰਘ ਬੱਬਰ ਅਤੇ mediapunjab.com ਦੇ ਸੰਪਾਦਕ ਭਾਈ ਬਲਦੇਵ ਸਿੰਘ ਬਾਜਵਾ ਦਾ, ਜਿਨਾਂ ਗੁਰੂ ਘਰ ਫਰੰਕਫਰਟ ਦੇ ਪ੍ਰਬੰਧਕਾਂ ਨੂੰ ਗੁਰੂ ਘਰ ਚਾਲੂ ਬਿਪਰਨ ਰੀਤ ਨੂੰ ਖਤਮ ਕਰ ਦੇਣ ਦਾ, ਗੁਰੂ ਬਖਸ਼ਿਸ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿਚ ਸੱਚ ਸੁਣਾਇਆ ਹੈ ਤਾਂ ਕਿ ਇਹ ਸਾਡੇ ਸੰਗਤ ਵਿਚ, ਖਾਲਸਾ ਪੰਥ ਦੀ ਸੱਥ ਵਿਚ, ਮੇਡੀਏ ਵਿਚ ਆਉਣ ਤੋਂ ਪਹਿਲੇ ਹੀ ਆਪਣੀ ਚਾਲੂ ਕੁਕਰਮ ਬਿਪਰਨ ਰੀਤ ਨੂੰ ਖਤਮ ਕਰ ਦਿੰਦੇ, ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਦਾਸ ਇਸ ਲਿਖਤ ਦੁਆਰਾ ਯੌਰਪ ਦੇ ਹੀ ਇਕ ਗੁਰੂ ਘਰ ਦੇ ਪ੍ਰਬੰਧਕਾਂ, ਜਿਨਾਂ ਵਲੋਂ ਸ਼ਬਦ ਗੁਰੂ ਦੇ ਪ੍ਰਕਾਸ਼ ਆਸਣ ਦੀ ਪਿਛਲੀ ਦੀਵਾਰ, ਭਾਵ ਜਿਸ ਵੱਲ ਗ੍ਰੰਥੀ ਸਹਿਬਾਨ ਪਿੱਠ ਕਰਕੇ ਗੁਰੂ ਦੀ ਤਾਬਿਆ ਬੈਠਦਾ ਹੈ, ਉਤੇ ਗੁਰੂ ਸੰਘਾਸਣ ਤੋਂ ਵੀ ਉਚੀ ਕਰਕੇ, ਕੌਮ ਦੇ ਮਹਾਨ ਸ਼ਹੀਦ ਸੰਤ, ਭਗਤ, ਸੂਰੇ, ਸਿਖ, ਖਾਲਸੇ, ਜਰਨੈਲ ਸਿੰਘ ਜੀ ਦੀ ਤਸਵੀਰ ਲਾਈ ਹੋਈ ਹੈ ਅਤੇ ਇਸ ਬਿਧ ਇਥੇ ਆਏ ਹਰ ਸਿਖ, ਅਸਿਖ ਨੂੰ ਸ਼ਬਦ ਗੁਰੂ ਦੇ ਨਾਲ ਹੀ ਤਸਵੀਰ ਨੂੰ ਵੀ ਮੱਥਾ ਟੇਕਣ ਲਾਇਆ ਹੋਇਆ ਹੈ, ਨੂੰ ਇਸ ਸ਼ਬਦ ਗੁਰੂ, ਸਿਖ ਧਰਮ, ਸਿਖ ਕ੍ਰਿਦਾਰ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਵਾਲੀ ਅਤੇ ਸਿਖ ਧਰਮ ਦਾ ਗਲਤ ਪ੍ਰਚਾਰ ਕਰਨ ਵਾਲੀ ਜਾਣੇ ਆਨਜਾਣੇ ਚਾਲੂ ਬਿਪਰਨ ਰੀਤ ਨੂੰ ਖਤਮ ਕਰਦੇ ਸ਼ਹੀਦ, ਸੂਰੇ, ਸੰਤ, ਖਾਲਸੇ, ਜਰਨੈਲ ਸਿੰਘ ਜੀ ਦੀ ਤਸਵੀਰ ਨੂੰ, ਇਸ ਗੁਰੂ ਪ੍ਰਕਾਸ਼ ਹਾਲ ਵਿਚੋਂ ਲਾਹਕੇ ਕਿਸੇ ਹੋਰ ਸਹੀ ਸਤਿਕਾਰ ਵਾਲੀ ਜਗਾ ਲਾਕੇ, ਆਪਣੇ ਅਤੇ ਆਪਣੇ ਪੰਥ ਦੇ ਭਲੇ ਦੀ ਕਾਰ ਕਰਨ, ਨਿਤਰਨ ਦੀ ਅਪੀਲ ਬੇਨਤੀ ਕਰਦਾ ਹੈ।

**ਸਤਿਕਾਰਯੋਗ ਭਾਈ ਦਰਸ਼ਨ ਸਿੰਘ ਜੀ,** ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਫਰੰਕਫਰਟ ਆਏ ਸਿਖ ਵਿਦਵਾਨ ਤਬਕੇ ਦੇ ਤਿੰਨ ਮੁੱਖ ਮਹਿਮਾਨਾਂ ਵਿਚੋਂ ਸੱਭ ਤੋਂ ਵੱਡੇ ਨਾਮ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ, ਪ੍ਰੋਫੈਸਰ, ਕੀਰਤਨੀਏ, ਗੁਰਬਾਣੀ ਅਰਥ ਸੰਗਤ ਨੂੰ ਸਮਝਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਕੈਡਮੀ ਦੇ ਮੁਖੀ, ਖਾਲਸੇ ਹੋਣ ਕਰਕੇ ਦਾਸ ਆਪਜੀ ਨੂੰ ਮੁਖਾਤਬ ਹੁੰਦਾ ਹੈ:

ਸਿੰਘ ਸਹਿਬਾਨ ਜੀ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਤੋਂ ਮਗਰੋਂ ਆਪਜੀ ਗੁਰੂ ਘਰ ਕੋਲਨ ਆਉਂਦੇ ਹੋ। ਦਾਸ ਨੂੰ ਆਪਜੀ ਨਾਲ ਫੋਨ ਤੇ ਫਤਹਿ ਸਾਂਝੀ ਕਰਨ ਦਾ ਸਬੱਬ ਮਿਲਦਾ ਹੈ।

ਸਿਖ ਸਰੂਪ ਵਿਚ ਬਿਪਰਨ ਵੱਲੋਂ ਅਖੌਤੀ ਨਕਲੀ ਅਸ਼ਲੀਲ ਅਤੇ ਕੂੜ ਨੂੰ ਵੀ ਦਸ਼ਮੇਸ਼ ਗੁਰੂ ਦੀ ਬਾਣੀ ਕਹਿਕੇ ਜਬਰੀ ਉਨਾਂ ਦੇ ਨਾਮ ਨਾਲ ਮੜ੍ਹਨ ਅਤੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੈਦਾ ਕਰਕੇ, ਬਰਾਬਰ ਪ੍ਰਕਾਸ਼ ਕਰਨ ਦੇ ਖਿਲਾਫ, ਆਪਜੀ ਵਲੋਂ ਬੇਖੌਫ ਆਵਾਜ ਉਠਾਣ ਲਈ ਦਾਸ ਆਪਜੀ ਦਾ ਧੰਨਬਾਦ ਕਰਦਾ ਹੈ ਅਤੇ ਅਗਾਂਹ ਵੀ ਇਸੇ ਹੀ ਸੱਚ ਕਿ ਸਿਖਾਂ ਦਾ ਸਿਰਫ ਤੇ ਸਿਰਫ ਇਕ ਹੀ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਦਸਮ ਗ੍ਰੰਥ ਬਿਪਰਨ ਵੱਲੋਂ ਗੁਰੂ ਦੇ ਅਸਲ ਨੂੰ ਲੈਕੇ ਬਿਗਾੜੀ ਹੋਈ, ਬਿਪਰਨ ਦੀ ਪੁਸਤਕ ਹੈ ਜਿਸ ਨੂੰ ਬਿਪਰਣ ਜਬਰੀਂ ਗੁਰੂ ਦੇ ਨਾਮ ਮੜ੍ਹਕੇ, ਚੋਰ ਦਰਵਾਜੇ ਦਸ਼ਮੇਸ਼ ਪਿਤਾ ਨੂੰ ਨਸ਼ੇ ਕਰਕੇ ਕਾਮ ਕਿਰਿਆ ਵਿਚ ਰੁਝਿਆਂ ਦਾ, ਉਨਾਂ ਤੋਂ ਚੋਰੀਂ ਜਾਂ ਉਨਾਂ ਦੀ ਆਗਿਆ ਨਾਲ, ਡਿੱਠਾ ਹਾਲ ਲਿਖਣ ਵਾਲਾ ਅਤੇ ਇਸ ਤੇ ਆਪਣੀਆਂ ਟਿਪਣੀਆਂ ਅਤੇ ਸੁਝਾਅ ਅੰਕਤ ਕਰਨ ਵਾਲਾ, ਐਲਾਨਣ ਵਾਲੇ ਗੁਰੂ ਦੇ ਧ੍ਰੋਹੀ, ਸਣਾਉਂਦੇ ਰਹਿਣ ਲਈ ਦਾਸ ਆਪਜੀ ਦੀ ਹੋਸਲਾ ਅਫਜਾਈ ਕਰਦਾ ਹੈ।

ਅੱਜ ਭਰੂਣ ਹੱਤਿਆਂ ਦੇ ਅੰਕੜਿਆਂ ਨੂੰ ਨਕਲੀ ਕਰਕੇ, ਸਿਖਾਂ ਸਿਰ ਸੱਭ ਤੋਂ ਉਪਰ ਗਰਭ ਵਿਚ ਕੁੜੀਆਂ ਮਾਰਨ ਦੇ ਨਕਲੀ ਅੰਕੜੇ ਮੜ੍ਹ ਦੇਣ ਦਾ ਅੱਤ ਘਿਨਾਉਣਾਂ ਕਾਰਾ, ਹਰ ਸਿਖ ਦਾ ਭੁਲੇਖਾ ਦੂਰ ਹੋ ਜਾਣ ਲਈ ਇਸ ਸੱਚ ਤੇ ਮੋਹਰ ਹੈ ਕਿ ਇਹ ਸ਼ੈਤਾਨ ਜੁਰਾਇਮਪੇਸ਼ਾ ਵਿਰਤੀ ਬਿਪਰਨ ਤਖਤ, ਪਹਿਲੋਂ ਵੀ ਇਵੇਂ ਹੀ ਗੁਰਮਤਿ ਦੇ ਸੱਚੇ ਸਾਹਿਤ ਵਿਚ ਜਿਥੇ ਦਾਅ ਲੱਗਾ ਆਪਣੇ ਕੂੜ ਦਾ ਰਲਾ ਕਰਦਾ ਆਇਆ ਹੈ।

ਦਾਸ ਆਪਜੀ ਨੂੰ ਇਕ ਫਾਇਲ, ਜਿਸ ਵਿਚ ਦਾਸ ਦੀਆਂ ਉਦੋਂ ਤੱਕ ਛਪੀਆਂ ਅਤੇ ਅਣਛਪੀਆਂ ਲਿਖਤਾਂ ਸਨ, ਆਪਜੀ ਦੇ ਇਥੇ ਹੁੰਦਿਆਂ ਹੀ ਪਹੁੰਚਦੀ ਕਰਦਾ ਹਾਂ। ਯਾਦ ਰਹੇ ਕਿ ਇਸ ਮਗਰੋਂ ਵੀ ਜੋ ਗੁਰੂ ਆਸਰੇ ਹੁਣ ਤੱਕ ਕਲਮਬੰਦ ਹੋ ਸਕਿਆ,

ਏਮੇਲ ਦੁਆਰਾ ਆਪਜੀ ਨੂੰ ਪਹੁੰਚਦਾ ਕੀਤਾ ਜਾਂਦਾ ਰਿਹਾ ਹੈ। ਇਸ ਪਹੁੰਚਾਈ ਫਾਇਲ ਦੇ ਤਕਰੀਬਨ ਅੰਤ ਤੇ ਇਹ ਆਖਰੀ ਜਰੂਰੀ ਲਿਖਤ:

**'ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ**

**ਗੁਰੂ ਆਸਰੇ ਇਕ ਆਸ ਉਮੀਦ ਅਤੇ ਗੁਰਸਿਖ ਖਾਲਸਾ ਪੰਥ ਦੀ ਜ਼ਿਮੇਵਾਰੀ'**

(52 ਸਫੇ) ਹੁੰਦੀ ਹੈ। ਇਸ ਫਾਇਲ ਵਿਚ ਇਹ ਲਿਖਤ ਗੁਰੂ ਇਸ ਆਸ ਨਾਲ ਕਰਵਾਈ ਸੀ ਕਿ ਸ਼ਾਇਦ ਇਹ ਪੜ੍ਹਦਿਆਂ ਆਪਜੀ ਨੂੰ ਖਿਆਲ ਆ ਜਾਵੇ, ਯਾਦ ਆ ਜਾਵੇ ਕਿ ਆਪਜੀ ਜਾਣੇ ਆਣਜਾਣੇ ਗੁਰਮਤਿ ਅਸੂਲਾਂ ਦੇ ਉਲਟ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਵੇਖਕੇ ਖਾਮੋਸ਼ ਰਹਿ ਜਾਣਾਂ, ਇਕ ਤਰਾਂ ਇਸ ਬਿਪਰਨ ਰੀਤ ਨਾਲ ਸਹਿਮਤੀ, ਸ਼ਮੂਲੀਅਤ ਅਤੇ ਇਸ ਨੂੰ ਚਾਲੂ ਰੱਖਣ ਲਈ ਹੱਲਾ ਸ਼ੇਰੀ ਜਾਹਰ ਕਰ ਦੇਣੀ ਹੈ। ਆਪਜੀ ਵੱਲੋਂ ਸਿਖ ਕਿਰਦਾਰ ਅਨੁਸਾਰ ਬਣਦੇ ਕਰਮ ਨੂੰ ਜਾਣੇ ਅਨਜਾਣੇ ਤਿਆਗਣ ਦੀ ਅਵੱਗਿਆ ਨਾਲ ਮਾੜੇ ਦਾ ਭਾਰ ਸਿਰ ਕਰ ਲਿਆ ਹੈ ਅਤੇ ਹੁਣ ਤੱਕ ਦੀ ਆਪਣੀ ਅਣਥੱਕ ਸੇਵਾ ਨੂੰ ਨਿਸਫਲ ਕਰ ਲਿਆ ਹੈ। ਇਹ ਗੁਰਬਾਣੀ ਸੱਚ ਕਿ ਜਾਣੇ ਗੁਰੂ ਹੁਕਮਾਂ ਦੇ ਉਲਟ ਇਕ ਹੀ ਮਨਭਾਣੀ ਕਾਰ ਕਾਫ਼ੀ ਹੈ, ਹੁਣ ਤੱਕ ਦੀ ਸੱਭ ਕੀਤੀ ਚੰਗਿਆਈ ਤੇ ਪੋਚਾ ਫੇਰ ਲੈਣ ਲਈ ਅਤੇ ਡਿਗਕੇ ਮੁੜ ਥੱਲਿਉਂ ਗੁਰੂ ਨਾਲ ਮੁੜ ਸ਼ੁਰੂ ਕਰਨਾਂ ਹੈ, ਸੂਬੇਦਾਰ ਧਰਮ ਸਿੰਘ ਸੁਜੋਂ ਦੀ ਕਿਤਾਬ 'ਗੁਰਬਾਣੀ ਅਤੇ ਸਾਇੰਸ ਦੀ ਰੌਸ਼ਨੀ ਵਿਚ ਅਕਾਲ ਪੁਰਖ' ਵਿਚ ਦਰਜ ਵੀ ਵੇਖ ਸਕਦੇ ਹਾਂ।

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**

**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥** (ਪੰਨਾ 335)

**ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥** (ਪੰਨਾ 515)

**ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥** (ਪੰਨਾ 181)

ਪਿਆਰੇ ਵੱਡੇ ਨਾਮ, ਬਜੁਰਗ ਵੱਡੇ ਵੀਰ ਜੀ, ਦਾਸ ਜੀ ਦੇ ਦਿਲ ਵਿਚ ਆਪਜੀ ਦੀ ਪੰਥ ਲਈ ਅਥੱਕ ਸੇਵਾ ਦਾ ਬਹੁਤ ਹੀ ਸਤਿਕਾਰ ਹੈ ਅਤੇ ਦਿਲ ਦਰਦ ਹੈ। ਆਪਾਂ ਸੱਭ ਦੇ ਭਲੇ ਅਤੇ ਗੁਰੂ ਭਾਏ ਨਿੱਜੀ ਉਭਾਰ ਲਈ ਅਤੇ ਇਵੇਂ ਆਪਣੇ ਗੁਰੂ ਦੇ ਉਭਾਰ ਲਈ ਕਰਤਾ ਪੁਰਖ ਜੋ ਸੁਝਾਇਆ, ਆਪਜੀ ਨਾਲ ਸਾਂਝਾ ਕਰ ਰਿਹਾ ਹਾਂ। ਮੰਨਣਾਂ ਜਾਂ ਨਾ ਮੰਨਣਾਂ ਆਪਜੀ ਦੀ ਮਰਜੀ ਤੇ ਛੱਡਦੇ ਹੋਏ।

1) ਜਾਣੇ ਆਣਜਾਣੇ ਗੁਰਮਤਿ ਅਸੂਲਾਂ ਦੇ ਉਲਟ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਵੇਖਕੇ ਖਾਮੋਸ਼ ਰਹਿ ਜਾਣ ਦੀ ਹੋਈ ਅਵੱਗਿਆ ਦੇ ਪਸ਼ਚਾਤਾਪ ਅਤੇ ਭੁੱਲ ਬਖਸ਼ਾਈ ਦੀ ਗੁਰੂ ਅੱਗੇ ਗੁਪਤ ਜਾਂ ਸੰਗਤਾਂ ਨੂੰ ਦੱਸਕੇ, ਕਿਸੇ ਗੁਰੂ ਘਰ ਜਾਕੇ ਆਪਜੀ ਵੱਲੋਂ ਅਰਦਾਸ ਕਰਨੀ ਜਾਂ ਕਰਵਾਣੀ ਅਤੇ ਗੁਰੂ ਘਰ ਫਰੰਕਫਰਟ ਦੇ ਪ੍ਰਬੰਧਕਾਂ ਨੂੰ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਾਲ ਵਿਚੋਂ ਸਤਿਕਾਰਯੋਗ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਜਲਦੀ ਤੋਂ ਜਲਦੀ ਲਾਹਕੇ, ਉਨਾਂ ਨੂੰ ਬਣਦੀ ਕਿਸੇ ਹੋਰ ਸਤਿਕਾਰਯੋਗ ਥਾਂ ਤੇ ਕਰਨ ਦੀ ਪੁਰਜੋਰ ਅਪੀਲ ਕਰਨੀ ਅਤੇ ਇਸ ਦੀ ਜਾਣਕਾਰੀ ਸੰਗਤ ਨੂੰ ਦੇ ਦੇਣੀਂ।

2) ਸਿਖ ਧਰਮ ਅਤੇ ਸਰਬਉਚ ਅਸਥਾਨਾਂ ਕਾਬਜ ਭਾਜਪਾ ਦੇ, ਇਸ ਦੀ ਆਰ ਐਸ ਐਸ ਦੇ ਅਤੇ ਇਨਾਂ ਦੀਆਂ ਬਿਪਰਨ ਰੀਤਾਂ ਦੇ ਗੁਲਾਮ, ਸਿਖ ਸਰੂਪ ਵਿਚ ਬਿਪਰਣ, ਇਸ ਦੇ ਅਖੌਤੀ ਨਕਲੀ ਜਥੇਦਾਰ, ਆਪਣੀ ਨਕਲੀ ਟਕਸਾਲ ਨੂੰ ਨਾਲ ਲੈਕੇ, ਵਿਚਾਰ, ਦਲੀਲ ਅਤੇ ਸੱਚ ਦਾ ਰਾਹ ਤਿਆਗਕੇ ਜਿਥੇ ਤਲਵਾਰ ਦੇ ਜੋਰ ਤੇ ਬਿਪਰਨ ਵਲੋਂ ਨਕਲੀ ਤਿਆਰ ਕੂੜ ਦੇ ਗ੍ਰੰਥ ਨੂੰ ਗੁਰੂ ਦਸ਼ਮੇਸ਼ ਦੀ ਬਾਣੀ ਐਲਾਨ ਰਹੇ ਨੇ, ਇਸ ਦੇ ਪਾਠ, ਅਖੰਡਪਾਠ ਕਰ ਰਹੇ ਨੇ, ਉਥੇ ਸਿਖ ਸਰੂਪ ਵਿਚ ਇਹ ਬਿਪਰਣ ਸਾਕਤ ਹੁਣ ਆਪਣੇ ਇਸ ਕੁਕਰਮ ਦੇ ਖਿਲਾਫ ਉਠਦੀ ਗਰੁਮਤਿ ਸੱਚ ਦੀ ਆਵਾਜ ਨੂੰ ਤਲਵਾਰ ਦੇ ਜੋਰ ਤੇ ਖਾਮੋਸ਼ ਕਰਨੀ, ਐਲਾਨ ਰਹੇ ਹਨ। ਆਪਜੀ ਨੂੰ ਇੰਗਲੈਂਡ ਆਇਆਂ ਨੂੰ, ਇਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ, ਗੁਰੂ ਦੇ ਨਾਮ ਨਾਲ ਜਬਰੀ ਮੜ੍ਹੇ ਬਿਪਰਨ ਦੇ ਕਾਮਾਂ ਸੂਤਰਾਂ ਕਿਤਾਬ ਦੇ ਪ੍ਰਕਾਸ਼ ਸ਼ੁਰੂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ, ਇਸ ਨੂੰ ਮੰਨਣ ਦਾ ਹੁਕਮ ਦੇਣ ਵਾਲੇ ਗੁਰੂ ਨਾਲ ਅਤੇ ਖਾਲਸਾ ਪੰਥ ਨਾਲ ਧ੍ਰੋਹ ਕਰਨ ਵਾਲਿਆਂ, ਗੁਰੂ ਸੰਤਾਨ ਦੀਆਂ ਫੋਟੋ ਸ਼ਬਦ ਗੁਰੂ ਅੱਗੇ ਕਰਕੇ ਇਨਾਂ ਦੀ ਪੂਜਾ ਕਰਵਾਣ ਵਾਲਿਆਂ, ਸ੍ਰੀ ਸਾਹਿਬਾਂ ਨਾਲ ਨਾਰੀਅਲ ਕੱਟਣ ਵਾਲਿਆਂ, ਪੰਥ ਦੇ ਤਖਤ ਹਜੂਰ ਸਾਹਿਬ ਦੀ ਹੱਦ ਵਿਚ

ਬੱਕਰਿਆਂ ਦੀ ਬਲੀ ਦੇ ਕੇ ਉਸਦੇ ਸਿਰ ਨੂੰ ਸ਼ਬਦ ਗੁਰੂ ਅਸਥਾਨ ਵਿਚ ਲਿਆਉਣ, ਇਸ ਦੇ ਖੂਨ ਨਾਲ ਦਸ਼ਮੇਸ਼ ਪਿਤਾ ਦੇ ਸ਼ਸਤਰਾਂ ਨੂੰ ਤਿਲਕ ਲਾਉਣ (http://media.punjabilokvirsa.com/427752/Killing-a-Goat-at-Hazoor-Sahib,-India) ਦੇ ਅਤਿ ਨੀਚੋਂ ਨੀਚ ਕੁਕਰਮਾਂ ਦੁਆਰਾ **ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥** (ਪੰਨਾ 266) ਹੋ, ਆਪਣੇ ਲਈ ਜੂਨਾਂ ਦੇ ਜੰਮਣ ਮਰਣ ਅਤੇ ਕਿਸੇ ਜੂਨ ਵੀ ਸੁਪਨੇ ਸੁਖ ਤੋਂ ਵਾਂਝੇ ਕਰ ਲੈਣ ਵਾਲਿਆਂ, ਪਰ ਫਿਰ ਵੀ ਆਪਣੇ ਆਪਨੂੰ ਸਿਖ ਕਹਾਉਣ ਵਾਲਿਆਂ, ਪਹਿਲਾਂ ਤਲਵਾਰ ਦੇ ਜੋਰ ਤੇ ਇਕ ਗੁਰੂ ਘਰ ਵਿਚ ਆਪਜੀ ਦੇ ਕੀਰਤਨ ਕਰਨ ਦੇ ਪ੍ਰੋਗਰਾਮ ਨੂੰ ਕੈਂਸਲ ਕਰਵਾਇਆ ਅਤੇ ਫਿਰ ਗੁਪਤ ਰਹਿੰਦੇ ਜਾਨੋਂ ਮਾਰਨ ਦੀਆਂ ਆਪਜੀ ਨੂੰ ਧਮਕੀਆਂ ਦਿੱਤੀਆਂ ਗਈਆਂ। ਆਪਜੀ ਵਲੋਂ ਇਨਾਂ ਦੇ ਕੁਕਰਮਾਂ ਦੇ ਖਿਲਾਫ ਗੁਰਮਤਿ ਸੱਚ ਦੀ ਰਾਖੀ ਲਈ ਹਮੇਸ਼ਾਂ ਬੋਲਦੇ ਰਹਿਣ ਅਤੇ ਇਸ ਬਦਲੇ ਸ਼ਹੀਦੀ ਸਵਿਕਾਰ ਕਰਨਾ ਮਨਜੂਰ ਐਲਾਇਆਂ ਜਾ ਰਿਹਾ ਹੈ।

ਸਿੰਘ ਸਹਿਬਾਨ ਜੀਉ ਗੁਰੂ ਨੂੰ, ਕਰਤੇ ਨੂੰ ਉਸ ਦੇ ਭਾਣੇ ਅਨੁਸਾਰ, ਪੂਰਣ ਮੰਤਵ ਲਈ ਦਿੱਤੀ ਸ਼ਹਾਦਤ, ਸ਼ਹੀਦੀ ਹੀ ਮਨਜੂਰ ਹੈ। ਜਿਵੇਂ ਉਸ ਲਈ ਇਕ ਪਾਸੇ ਬਿਪਰਨ ਵਲੋਂ ਰਲਾ ਕਰਕੇ ਅਖੌਤੀ ਨਕਲੀ ਕੀਤੇ ਅਤਿ ਨੀਚ ਕਾਮਾਂ ਸੂਤਰਾ ਕਿਤਾਬ ਨੂੰ ਸਾਡੇ ਦਸ਼ਮੇਸ਼ ਪਿਤਾ ਦੇ ਨਾਮ ਨਾਲ ਜਬਰੀ ਮੜ੍ਹਨ ਅਤੇ ਇਸ ਦੇ ਪ੍ਰਕਾਸ਼, ਪਾਠਾਂ, ਅਖੰਡਪਾਠਾਂ ਦੇ ਖਿਲਾਫ ਆਵਾਜ ਉਠਾਉਣੀ ਅਤੇ ਦੂਜੇ ਪਾਸੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲਾਈਆਂ ਤਸਵੀਰਾਂ ਦੇ ਕੁਕਰਮ ਨੂੰ ਵੇਖ ਕੇ ਚੁਪ ਰਹਿਣਾਂ, ਹਿਸਾਬ ਜੀਰੋ ਕਰਕੇ ਆਪਣੇ ਆਪਨੂੰ ਖਾਲੀ ਹੱਥ ਕਰ ਲੈਣਾਂ ਹੈ, ਇਸੇ ਤਰਾਂ ਇਕ ਪਾਸੇ ਜਬਰੀ ਝੂਠ ਸਵਿਕਾਰ ਕਰਵਾਣ ਲਈ ਨਿਕਲੇ ਸਿਖ ਸਰੂਪ ਬਿਪਰਨ ਦਾ ਭੈਅ ਨਾ ਕਬੂਲਦੇ, ਇਨਾਂ ਹੱਥੋਂ ਸ਼ਹੀਦ ਹੋਣਾਂ ਮਨਜੂਰ ਐਲਾਨਣਾਂ, ਪਰ ਦੂਜੇ ਪਾਸੇ ਇਹ ਸਿਖ ਸਰੂਪ ਵਿਚ ਬਿਪਰਨ, ਜਿਸ ਬਿਪਰਨ ਤਖਤ ਦੀ ਹਮਾਇਤ, ਸ਼ਹਿ ਅਤੇ ਹਦਾਇਤਾਂ ਤੇ ਦਣਦਣਾਉਂਦੇ ਫਿਰ ਰਹੇ ਨੇ, ਉਸ ਬਿਪਰਨ ਤਖਤ ਦਾ ਭੈਅ ਸਵਿਕਾਰ ਕਰਦੇ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਜਾਰੀ ਹੁਕਮਨਾਮੇਂ ਨੂੰ ਠੁਕਰਾਇਆ ਹੋਣਾਂ, ਹਿਸਾਬ ਜੀਰੋ ਕਰਕੇ, ਸੰਸਾਰੋਂ ਖਾਲੀ ਹੱਥ ਜਾਣਾਂ ਹੈ। ਜੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ, ਆਪਜੀ ਵਲੋਂ ਆਪਣੇ ਲਈ ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਜਾਣਿਆਂ ਅਤੇ ਹੋਰ ਸੇਵਾ ਤੋਂ ਉਪਰ ਇਸ ਮੁਤਾਬਕ ਚੱਲਿਆ ਹੁੰਦਾ ਤਾਂ ਜੋ ਅੱਜ ਗੁਰੂ ਇਸ ਪ੍ਰਾਣੀ ਦੁਆਰਾ ਆਪਜੀ ਨਾਲ, ਪੰਥ ਨਾਲ ਸਾਂਝਾ ਕਰਵਾ ਰਿਹਾ ਹੈ, ਤੁਸਾਂ ਦੁਆਰਾ ਸਾਂਝਾ ਕਰਵਾਇਆ ਜਾਣਾਂ ਸੀ ਅਤੇ ਖੁਸ਼ਖਬਰੀ ਐਲਾਨਨਾਮੇ ਤੁਸਾਂ ਵਲੋਂ ਲਿਖੇ ਜਾਣੇ ਸਨ।

ਇਹ ਐਲਾਨ ਕਿ ਤੁਸਾਂ ਲਈ ਰਹਿੰਦੀ ਜਿੰਦਗੀ ਦਾ ਮੁਖ ਉਦੇਸ਼ ਜਿਥੇ ਗੁਰਮਤਿ ਸੱਚ ਅਤੇ ਸਿਖ ਕਿਰਦਾਰ ਦੀ ਰਾਖੀ ਲਈ ਹੁਣ ਵਾਂਗ ਅਡੋਲ ਖੜ੍ਹਦੇ ਰਹਿਣਾ ਹੈ ਉਥੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਤੁਸਾਂ ਲਈ ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ, ਹੀ ਗੁਰੂ ਅਨੁਸਾਰ ਆਪਣੇ ਆਪਨੂੰ ਸ਼ਹੀਦੀ ਲਈ ਪੂਰਣ ਰੂਪ ਵਿਚ ਤਿਆਰ ਕਰਦੇ ਹੋਏ, ਆਪਣੇ ਆਪਨੂੰ ਪੂਰਣ ਰੂਪ ਵਿਚ ਇਕੋ ਇਕ ਆਪਣੇ ਸਿਰਜਣਹਾਰ ਅਕਾਲਪੁਰਖ ਦੇ ਹੁਕਮ ਅਤੇ ਰਜਾ ਦੇ ਅਧੀਨ ਕਰ ਲੈਣਾਂ ਹੈ।

**ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥**
**ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥** (ਪੰਨਾ 732)

ਹਾਂ ਕਿਤੇ ਅਣਜਾਣੇ ਗੁਰਮਤਿ ਦੀ ਗਲਤ ਬਖਿਆਨੀ ਜਾਂ ਕਿਸੇ ਖਿਲਾਫ ਅਣਜਾਣੇ ਗਲਤ ਕਹਿ ਗਿਆ ਹੋਵਾਂ, ਚਿਤਾਰਨ ਤੇ ਮੁੜ ਵਿਚਾਰ ਕਰਾਂਗਾ, ਆਣਜਾਣੇ ਹੋਈ ਭੁੱਲ ਨੂੰ ਸੁਧਾਰਾਂਗਾ ਅਤੇ ਨਿਵ ਮੁਆਫੀ ਜਾਂ ਸਜਾ ਲਈ ਜੋ ਮਨਜੂਰ, ਹਾਜਰ ਹੋਵਾਂਗਾ।

ਦਾਸ ਆਪਣੇ ਗੁਰੂ ਦਾ, ਆਪਣੇ ਸਿਰਜਣਹਾਰ ਕਰਤਾ ਪੁਰਖ ਦਾ ਅਤੇ ਆਪਣੇ ਸ਼ਹੀਦਾਂ ਦਾ ਲੱਖ ਲੱਖ ਸ਼ੁਕਰਗੁਜ਼ਾਰ ਹਾਂ ਜਿਨਾਂ ਆਪੇ ਆਪਣੀ ਇਸ ਕੱਠਪੁਲੀ ਇਨਸਾਨ ਨੂੰ ਮਈ 2008 ਦੇ ਅੰਤਲੇ ਦਿਨੀਂ ਗੁਰੂਘਰ ਫਰੈਂਕਫਰਟ ਆਇਆਂ ਜੋ ਜ਼ਿਮੇਵਾਰੀ ਸੱਚ ਸੁਣਾਉਣ ਦੀ ਸੌਂਪੀ ਸੀ ਉਸ ਤੋਂ ਅੱਜ ਆਪੇ ਇਸ ਲਿਖਤ ਦੁਆਰਾ ਸੁਰਖਰੂ ਕਰਵਾਇਆ ਹੈ।

ਇਕੋ ਇਕ ਨਾਨਕ ਦੇ ਦਰ ਦਾ, ਗੁਰੂ ਪੰਥ ਦਾ ਦਾਸ

ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
ਅਗਵਾਈ ਵਿਚ ਅਤੇ ਵਲੋਂ: ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਤੁਛ ਗੁਰਸਿਖ ਕਾਫਲਾ
**ਪਤਾ:** N. Kamal-Fehrenbach Schöne Aussicht 74a, 65760 Eschborn – NiederhXIchstadt
Germany. Tel: 06173 67103, Fax: 06173 640321, eMail : ef-nk@t-online.de